ਅਧਿਆਇ 42

ਉਪਸੰਹਾਰ

ਯਹੋਵਾਹ ਦੀ ਦੂਜੀ ਗੱਲਬਾਤ ਤੋਂ ਬਾਅਦ, ਅੱਯੂਬ ਨੇ ਇਕ ਘੋਸ਼ਣਾ ਕੀਤੀ ਜਿਸ ਨੂੰ "ਪੂਰੀ ਕਵਿਤਾ ਦਾ ਮੁੱਢਲਾ ਤੱਤ" ਮੰਨਿਆ ਜਾ ਸਕਦਾ ਹੈ।[1] ਅੱਯੂਬ ਦੀ ਯਹੋਵਾਹ ਨਾਲ ਮੁਲਾਕਾਤ ਕਰਨ ਦੀ ਜ਼ਬਰਦਸਤ ਇੱਛਾ ਪੂਰੀ ਹੋ ਗਈ; ਯਹੋਵਾਹ ਨੇ ਉਸ ਨਾਲ ਵਾਵਰੋਲੇ ਵਿੱਚੋਂ ਗੱਲ ਕੀਤੀ। ਪਹਿਲੀ ਗੱਲਬਾਤ ਦੇ ਪ੍ਰਤੀ ਅੱਯੂਬ ਦਾ ਜਵਾਬ ਅਨੰਤ ਪਰਮੇਸ਼ੁਰ ਦੀ ਹਜ਼ੂਰੀ ਵਿਚ ਉਸ ਦੀਆਂ ਕਮੀਆਂ ਦੀ ਅਵਸਥਾ ਦਾ ਇਕ ਇਕਰਾਰ ਸੀ (40:3-5)। ਦੂਜੀ ਗੱਲਬਾਤ ਪ੍ਰਤੀ ਉਸ ਦਾ ਜਵਾਬ ਉਸ ਤੋਂ ਕਿਤੇ ਜ਼ਿਆਦਾ ਉਸ ਦੇ ਸੰਸਾਰ ਵਿਚ ਪਰਮੇਸ਼ੁਰ ਦੇ ਕੰਮਾਂ ਤੋਂ ਅਣਜਾਣ ਹੋਣ ਦਾ ਇਕ ਇਕਰਾਰ ਸੀ (42:1-6)। ਅਗਲੀ ਗੱਲ, ਯਹੋਵਾਹ ਨੇ ਤਿੰਨਾਂ ਮਿੱਤ੍ਰਾਂ ਨੂੰ ਸਜ਼ਾ ਦਿੱਤੀ (42:7-9)। ਫਿਰ ਅਸੀਂ ਸਿੱਖਦੇ ਹਾਂ ਕਿ ਕਿ ਯਹੋਵਾਹ ਨੇ ਅੱਯੂਬ ਦੀ ਸੰਪਤੀ ਦੁਗਣਾ ਕਰ ਦਿੱਤਾ, ਉਸ ਦੀ ਸਿਹਤ ਵੀ ਚੰਗੀ ਹੋ ਗਈ ਅਤੇ ਉਸ ਨੂੰ ਹੋਰ ਦਸ ਬੱਚੇ ਦਿੱਤੇ ਗਏ (42:10-17)।

ਅੱਯੂਬ ਦਾ ਪਛਤਾਵਾ (42:1-6)

1ਫੇਰ ਅੱਯੂਬ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ, 2ਮੈਂ ਜਾਣਦਾ ਹਾਂ ਭਈ ਤੂੰ ਸਭ
ਕੁਝ ਕਰ ਸੱਕਦਾ ਹੈਂ, ਅਤੇ ਤੇਰਾ ਕੋਈ ਪਰੋਜਨ ਰੁਕ ਨਹੀਂ ਸੱਕਦਾ। 3ਏਹ ਕੌਣ ਹੈ ਜਿਹੜਾ
ਅਗਿਆਨਤਾ ਨਾਲ ਸਲਾਹ ਨੂੰ ਢੱਕਦਾ ਹੈ? ਏਸ ਲਈ ਮੈਂ ਉਹ ਬਕਿਆ ਜਿਹ ਨੂੰ ਮੈਂ ਨਾ
ਸਮਝਿਆ, ਏਹ ਮੇਰੇ ਲਈ ਅਚਰਜ ਗੱਲਾਂ ਸਨ ਜਿਨ੍ਹਾਂ ਨੂੰ ਮੈਂ ਨਹੀਂ ਜਾਣਦਾ ਸਾਂ। 4ਜ਼ਰਾ ਸੁਣ
ਤੇ ਮੈਂ ਬੋਲਾਂਗਾ, ਮੈਂ ਤੈਥੋਂ ਸਵਾਲ ਕਰਦਾ ਹਾਂ, ਅਤੇ ਤੂੰ ਮੈਨੂੰ ਸਮਝਾ। 5ਮੈਂ ਤੇਰੇ ਵਿਖੇ ਸੁਣੀਆਂ
ਸੁਣਾਈਆਂ ਗੱਲਾਂ ਸੁਣੀਆਂ, ਪਰ ਹੁਣ ਮੇਰੀ ਅੱਖ ਤੈਨੂੰ ਵੇਖਦੀ ਹੈ, 6ਏਸ ਲਈ ਮੈਂ ਆਪਣੇ
ਆਪ ਤੋਂ ਘਿਣ ਕਰਦਾ ਹਾਂ, ਅਤੇ ਮੈਂ ਖ਼ਾਕ ਤੇ ਸੁਆਹ ਵਿੱਚ ਪਛਤਾਉਂਦਾ ਹਾਂ।

ਆਇਤ 1. ਫੇਰ ਅੱਯੂਬ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ। ਅੱਯੂਬ ਦਾ ਉੱਤਰ ਉਨ੍ਹਾਂ ਹੀ ਸ਼ਬਦਾਂ ਦੁਆਰਾ ਪੇਸ਼ ਕੀਤਾ ਗਿਆ ਸੀ ਜੋ ਉਸ ਦੇ ਪਿਛਲੇ ਉੱਤਰ ਤੋਂ ਪਹਿਲਾਂ ਵਰਤੇ ਗਏ ਸਨ (40:3)।

ਆਇਤ 2. ਮੈਂ ਜਾਣਦਾ ਹਾਂ ਭਈ ਤੂੰ ਸਭ ਕੁਝ ਕਰ ਸੱਕਦਾ ਹੈਂ, ਅਤੇ ਤੇਰਾ ਕੋਈ ਪਰੋਜਨ ਰੁਕ ਨਹੀਂ ਸੱਕਦਾ। ਇਸ ਆਇਤ ਦੇ ਪਹਿਲੇ ਸ਼ਬਦ ਬੰਦ ਅਤੇ ਅੱਯੂਬ ਦੀ ਪੁਸਤਕ ਦੀ ਮੁੱਖ ਧਾਰਣਾ ਨੂੰ ਪੇਸ਼ ਕਰਦੇ ਹਨ: "ਮੈਂ ਜਾਣਦਾ ਹਾਂ।" "ਜਾਣਦਾ" ਸ਼ਬਦ ਇਬਰਾਨੀ ਭਾਸ਼ਾ ਦੇ ਮੂਲ ਸ਼ਬਦ ידע *(ਯਡ)* ਤੋਂ ਆਉਂਦਾ ਹੈ। ਇਸ ਮੂਲ ਸ਼ਬਦ ਵਿੱਚੋਂ ਨਿੱਕਲੇ ਚਾਰ ਸ਼ਬਦ ਇਸ ਪੈਰ੍ਹੇ ਵਿਚ ਆਉਂਦੇ ਹਨ: "ਜਾਣਦਾ" (ਦੋ ਵਾਰ), "ਗਿਆਨ" ਅਤੇ "ਸਮਝਾ" (ਸ਼ਾਬਦਿਕ ਤੌਰ ਤੇ, "ਜਾਣਨ ਦੇਣਾ")।

ידע *(ਯਡ)* ਦੇ ਸਭ ਤੋਂ ਮਹੱਤਵਪੂਰਣ ਅਧਿਐਨਾਂ ਵਿੱਚੋਂ ਇਕ ਅਧਿਐਨ ਈਬਰਹਰਡ

ਬਾਊਮਨ ਦੁਆਰਾ ਕੀਤਾ ਗਿਆ ਹੈ। ਉਸ ਦਾ ਵਿਸ਼ਾ ਇਹ ਸੀ ਕਿ "ਗਿਆਨ" ਇਕ ਤਜ਼ੁਰਬਾ ਹੈ ਜਿਸ ਵਿਚ ਇੱਛਾ ਅਤੇ ਭਾਵਨਾਵਾਂ ਸਮੇਤ ਪੂਰਾ ਵਿਅਕਤੀ ਸ਼ਾਮਲ ਹੁੰਦਾ ਹੈ। ਇਹ ਨਿੱਜੀ ਸੰਬੰਧਾਂ ਵਿਚ ਨਿੱਜੀ ਅਨੁਭਵ ਦੁਆਰਾ ਪ੍ਰਾਪਤ ਕੀਤਾ ਗਿਆਨ ਹੈ। ਉਸ ਨੇ ਸ਼ਬਦ ਵਿਚ ਨਿੱਜੀ ਸੰਬੰਧਾਂ ਤੇ ਜ਼ੋਰ ਦਿੱਤਾ:

> ਇਸ ਲਈ ידע ਇੱਥੇ ਮੂਲ ਰੂਪ ਵਿਚ ਇਕ ਵਿਅਕਤੀਗਤ ਸੰਬੰਧ ਨਿਰਧਾਰਤ ਕਰਦਾ ਹੈ ਜਿਸ ਦੀ ਬੁਨਿਆਦ ਤੇ ਇਕ ਗੂੜ੍ਹਾ ਸੰਚਾਰ (ਸਾਂਝ) ਹੁੰਦਾ ਹੈ; ਨਾ ਸਿਰਫ ਗਿਆਨ ਦਾ ਆਦਾਨ ਪ੍ਰਦਾਨ, ਬਲਕਿ ਆਦਰ, ਪ੍ਰੇਮ, ਦੇਖਭਾਲ, ਚੰਗੇ ਕੰਮ, ਸੇਵਾਵਾਂ, ਆਦਿ ਦਾ ਵੀ। ਇਸ ਕਾਰਣ ਕਰਕੇ, ਇਬਰਾਨੀ ਸ਼ਬਦ ਦਾ ਅਰਥ ਅਸਲ ਵਿਚ ਸੰਬੰਧਿਤ ਹੈ; ਸਿਰਫ ਭਰੋਸੇਮੰਦ ਵਿਅਕਤੀ ਹੀ ਨਹੀਂ, ਬਲਕਿ ਸਿਰਫ ਓਨਾ ਹੀ ਸਨਮਾਨਿਤ, ਪਿਆਰ ਕਰਨਾ ਵਾਲਾ, ਚਾਹੁੰਣ ਵਾਲਾ ਅਤੇ ਉਸ ਦੀ ਦੇਖਭਾਲ ਕਰਨ ਵਾਲਾ। ਸਾਡੀ ਪੜਤਾਲ ਲਈ ਇਹ ਸਥਾਪਿਤ ਤੱਤ ਬੁਨਿਆਦੀ ਮਹੱਤਵ ਰੱਖਦਾ ਹੈ।[2]

ਮੱਧਯੁਗ ਦੇ ਮਹਾਨ ਯਹੂਦੀ ਫ਼ਿਲਾਸਫ਼ਰ ਮੋਜਜ ਮਿਆਮੋਨਾਈਡਸ ਨੇ ਬਹੁਤ ਸਮੇਂ ਪਹਿਲਾਂ ਅੱਯੂਬ ਦੀ ਪੁਸਤਕ ਦੀ ਸਮਝ ਲਈ ਗਿਆਨ ਦੀ ਮਹੱਤਤਾ ਬਾਰੇ ਸੁਝਾਅ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਬਾਈਬਲ ਦੀ ਮੂਲ ਲਿਖਤ ਅੱਯੂਬ ਦੀ ਖਰਿਆਈ ਅਤੇ ਨੈਤਿਕ ਗੁਣਾਂ ਬਾਰੇ ਦੱਸਦੀ ਹੈ - ਪਰ ਗਿਆਨ ਬਾਰੇ ਨਹੀਂ।[3] ਇਹ ਗਿਆਨ ਦੀ ਘਾਟ ਸੀ ਜਿਸ ਕਾਰਨ ਅੱਯੂਬ ਨੇ ਮੌਜੂਦਾ ਅਵਿਵਸਥਾ ਅਤੇ ਉਸ ਦੇ ਦੁੱਖ ਦੀ ਅਰਥਹੀਣਤਾ ਦੀ ਨਿੰਦਾ ਕੀਤੀ।[4] ਉਸ ਨੇ ਟਿੱਪਣੀ ਕੀਤੀ, "ਜਿਵੇਂ ਹੀ [ਅੱਯੂਬ] ਨੇ ਪਰਮੇਸ਼ੁਰ ਦਾ ਸੱਚਾ ਗਿਆਨ ਪ੍ਰਾਪਤ ਕਰ ਲਿਆ ਸੀ, ਉਸ ਨੇ ਸਵੀਕਾਰ ਲਿਆ ਸੀ ਕਿ ਪਰਮੇਸ਼ੁਰ ਦੇ ਗਿਆਨ ਵਿਚ ਬਿਨ੍ਹਾਂ ਸ਼ੱਕ ਸੱਚਾ ਆਨੰਦ ਸੀ; ਇਹ ਉਨ੍ਹਾਂ ਸਭਨਾਂ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ ਜੋ ਇਹ ਗਿਆਨ ਪ੍ਰਾਪਤ ਕਰਦੇ ਹਨ ਅਤੇ ਦੁਨਿਆਵੀ ਕਸ਼ਟ ਇਸ ਨੂੰ ਭੰਗ ਨਹੀਂ ਕਰ ਸਕਦਾ।"[5] ਮਿਆਮੋਨਾਈਡਸ ਦਾ ਕਥਨ ਉਦੋਂ ਹੋਰ ਵੀ ਜ਼ਿਆਦਾ ਮਹੱਤਵ ਰੱਖਦਾ ਜਦੋਂ ਅਸੀਂ ਗਿਆਰ੍ਹਵੀਂ ਸਦੀ ਈਸਾ ਪੂਰਵ ਵਿਚ ਉੱਤਰੀ ਅਫਰੀਕਾ ਅਤੇ ਸਪੇਨ ਵਿਚ ਰਹਿਣ ਵਾਲੇ ਮੁਸਲਮਾਨਾਂ ਵਜੋਂ ਨਿੱਜੀ ਤੌਰ ਤੇ ਹੋਏ ਸਾਰੇ ਸਤਾਵਾਂ ਤੇ ਵਿਚਾਰ ਕਰਦੇ ਹਾਂ।

ਜਿਵੇਂ ਕਿ ਅਸੀਂ ਵੇਖਿਆ ਹੈ, ਅੱਯੂਬ ਦੀ ਪੁਸਤਕ ਵਿਚ ਜ਼ਿਆਦਾਤਰ ਤਰਕ-ਵਿਤਰਕ ਮਨੁੱਖਾਂ ਨੇ ਪਰਮੇਸ਼ੁਰ ਅਤੇ ਉਸ ਦੇ ਰਾਹਾਂ ਬਾਰੇ ਜੋ ਜਾਣਿਆ ਹੈ ਜਾਂ ਜੋ ਨਹੀਂ ਜਾਣਿਆ ਹੈ ਉਸ ਤੇ ਨਿਰਭਰ ਕਰਦਾ ਹੈ।[6] ਇੱਥੇ ਅੱਯੂਬ ਨੇ ਇਕਰਾਰ ਕੀਤਾ, "ਮੈਂ ਜਾਣਦਾ ਹਾਂ ਭਈ ਤੂੰ ਸਭ ਕੁਝ ਕਰ ਸੱਕਦਾ ਹੈਂ।" ਉਹ ਸਮਝ ਗਿਆ ਸੀ ਕਿ ਪਰਮੇਸ਼ੁਰ ਕੋਲ ਕੁਝ ਵੀ ਕਰਨ ਦੀ ਸ਼ਕਤੀ ਹੈ (ਉਤਪਤ 18:14; ਮੱਤੀ 19:26; ਲੂਕਾ 1:37), ਕਿਉਂਕਿ ਸਾਰੇ ਬ੍ਰਹਿਮੰਡ ਦਾ ਨਿਯੰਤਰਣ ਉਸ ਦੇ ਹੱਥ ਵਿਚ ਹੈ। ਅੱਯੂਬ ਨੇ ਪਛਾਣ ਲਿਆ ਸੀ ਕਿ ਪਰਮੇਸ਼ੁਰ ਦੀ ਸ਼ਕਤੀ ਉਸ ਦੀ ਇੱਛਾ ਨਾਲ ਮੇਲ ਖਾਂਦੀ ਹੈ ਤਾਂ ਕਿ ਉਸ ਦੇ "ਪਰੋਜਨ [ਪਰੋਜਨਾਂ]" ਨੂੰ "ਰੋਕਿਆ" ਜਾਂ ਵਿਫਲ ਨਾ ਕੀਤਾ ਜਾ ਸਕੇ (ਦਾਨੀਏਲ 4:35)।

ਆਇਤ 3. ਏਹ ਕੌਣ ਹੈ ਜਿਹੜਾ ਅਗਿਆਨਤਾ ਨਾਲ ਸਲਾਹ ਨੂੰ ਢੱਕਦਾ ਹੈ? ਅੱਯੂਬ ਨੇ ਵਾਵਰੋਲੇ ਵਿੱਚੋਂ ਯਹੋਵਾਹ ਦੇ ਪਹਿਲੇ ਸ਼ਬਦਾਂ ਨੂੰ ਦੁਹਰਾਉਂਦਿਆਂ ਆਪਣੇ ਇਕਰਾਰ ਦੀ ਸ਼ੁਰੂਆਤ ਕੀਤੀ: "ਏਹ ਕੌਣ ਹੈ ਜਿਹੜਾ ਸਲਾਹ ਨੂੰ ਗਿਆਨਹੀਣ ਗੱਲਾਂ ਨਾਲ ਅਨ੍ਹੇਰੇ ਵਿੱਚ ਰੱਖਦਾ ਹੈ?" (38:2)। NIV ਬਾਈਬਲ ਹਵਾਲੇ ਤੋਂ ਪਹਿਲਾਂ ਬਰੈਕਟਾਂ ਵਿਚ "ਤੂੰ ਪੁੱਛਿਆ" ਲਿਖ ਕੇ ਮੂਲ ਲਿਖਤ ਨੂੰ ਸੁਚਾਰੂ ਕਰਦੀ ਹੈ।

ਏਸ ਲਈ ਮੈਂ ਉਹ ਬਕਿਆ ਜਿਹ ਨੂੰ ਮੈਂ ਨਾ ਸਮਝਿਆ, ਏਹ ਮੇਰੇ ਲਈ ਅਚਰਜ ਗੱਲਾਂ

ਸਨ ਜਿਨ੍ਹਾਂ ਨੂੰ ਮੈਂ ਨਹੀਂ ਜਾਣਦਾ ਸਾਂ। ਆਇਤ 3 ਦਾ ਇਕ ਦੂਜਾ ਵਾਕ ਅੱਯੂਬ ਦਾ ਆਪਣਾ ਬਿਆਨ ਹੈ, ਇਸ ਦਾ ਕਾਰਣ ਇਹ ਹੈ ਕਿ ਖੰਡ ਦੀ ਸ਼ੁਰੂਆਤ "ਏਸ ਲਈ" ਨਾਲ ਕੀਤੀ ਗਈ ਹੈ। ਇਹ ਇਸ ਲਈ ਸੀ ਕਿਉਂਕਿ ਉਹ "ਨਹੀਂ ਜਾਣਦਾ ਸੀ" ਇਸ ਕਰਕੇ ਉਸ ਨੇ "ਉਹ ਕਿਹਾ ਜੋ [ਉਹ] ਨਹੀਂ ਸਮਝਿਆ।" ਅੱਯੂਬ ਨੂੰ ਹੁਣ ਅਹਿਸਾਸ ਹੋ ਗਿਆ ਸੀ ਕਿ ਉਸ ਨੇ ਬਹੁਤ ਸੀਮਤ ਦ੍ਰਿਸ਼ਟੀਕੋਣ ਨਾਲ ਉਤਾਵਲੇਪਣ ਨਾਲ ਗੱਲ ਕੀਤੀ ਸੀ। ਬ੍ਰਹਿਮੰਡ ਦੀਆਂ ਪੇਚੀਦਗਦੀਆਂ ਬਾਰੇ ਮਨੁੱਖ ਕੀ ਜਾਣ ਸਕਦਾ ਹੈ? ਉਹ ਸਾਰੀਆਂ ਚੀਜ਼ਾਂ ਦੇ ਸਿਰਜਣਹਾਰ ਅਤੇ ਪਾਲਣਹਾਰ ਦੀ ਸਰਬ ਗਿਆਨਤਾ ਅਤੇ ਸਰਬ ਸ਼ਕਤੀਮਾਨਤਾ ਅੱਗੇ ਨਿਮਰਤਾ ਨਾਲ ਝੁਕਿਆ। ਉਸ ਨੂੰ ਪਤਾ ਲੱਗ ਗਿਆ ਕਿ ਯਹੋਵਾਹ ਸਭ ਕੁਝ ਕਰਨ ਦੇ ਸਮਰੱਥ ਹੈ। ਇਹ ਇਕ ਪੁਰਾਣਾ ਅਕਾਦਮਿਕ ਪ੍ਰਕਾਰ ਦਾ ਗਿਆਨ ਨਹੀਂ ਸੀ, ਬਲਕਿ ਉਸ ਵਿਅਕਤੀ ਦੇ ਨਾਲ ਸਿੱਧੀ ਗੱਲਬਾਤ ਦੇ ਅਨੁਭਵ ਦੇ ਵਸੀਲੇ ਨਾਲ ਲਿਆਂਦਾ ਗਿਆ ਗਿਆਨ ਸੀ ਜਿਸ ਨੇ "ਧਰਤੀ ਦੀ ਨੀਉਂ ਰੱਖਦੀ ਸੀ" (38:4)।

"ਅਚਰਜ ਗੱਲਾਂ" ਸ਼ਬਦ פָּלָא *(ਪਾਲਾ)* ਤੋਂ ਲਿਆ ਗਿਆ ਹੈ, ਇਕ ਕਿਰਿਆ ਜਿਹੜੀ ਜੋ ਅੱਯੂਬ ਦੀ ਪੁਸਤਕ ਵਿਚ ਛੇ ਵਾਰ ਆਉਂਦੀ ਹੈ (5:9; 9:10; 10:16; 37:5, 14; 42:2)। ਹਰੇਕ ਉਦਾਹਰਣ ਵਿਚ ਇਸ ਦੀ ਵਰਤੋਂ ਪਰਮੇਸ਼ੁਰ ਦੇ ਉਨ੍ਹਾਂ ਰਾਹਾਂ ਦਾ ਵਰਣਨ ਕਰਨ ਲਈ ਕੀਤੀ ਗਈ ਹੈ ਜੋ ਅਨੋਖੇ ਅਤੇ ਅਥਾਹ ਹਨ। ਪਰਮੇਸ਼ੁਰ ਦੇ ਰਾਹ ਮਨੁੱਖ ਦੇ ਤਜਰਬੇ ਤੋਂ ਪਰੇ ਹਨ; ਇਸ ਲਈ, ਮਨੁੱਖ ਉਨ੍ਹਾਂ ਨੂੰ ਨਹੀਂ ਜਾਣ ਸਕਦਾ।

ਆਇਤ 4. ਜ਼ਰਾ ਸੁਣ ਤੇ ਮੈਂ ਬੋਲਾਂਗਾ, ਮੈਂ ਤੈਥੋਂ ਸਵਾਲ ਕਰਦਾ ਹਾਂ, ਅਤੇ ਤੂੰ ਮੈਨੂੰ ਸਮਝਾ। ਇਸ ਆਇਤ ਦੀ ਵਿਆਖਿਆ ਪਰਮੇਸ਼ੁਰ ਦੇ ਇਕ ਹੋਰ ਹਵਾਲੇ ਵਜੋਂ ਕੀਤੀ ਜਾ ਸਕਦੀ ਹੈ (ਵੇਖੋ 42:3)। ਆਇਤ 4 ਦੀ ਸ਼ੁਰੂਆਤ ਵਿਚ, NIV ਬਾਈਬਲ ਬਰੈਕਟਾਂ ਵਿਚ "ਤੂੰ ਕਿਹਾ" ਵਾਕ ਦੀ ਪੂਰਤੀ ਕਰਦੀ ਹੈ। ਪਰਮੇਸ਼ੁਰ ਨੇ ਦੋ ਵਾਰੀ ਵਾਵਰੋਲੇ ਵਿੱਚੋਂ ਇਹ ਕਹਿੰਦੇ ਹੋਏ ਅੱਯੂਬ ਨਾਲ ਗੱਲ ਕੀਤੀ ਸੀ, "ਮੈਂ ਤੈਥੋਂ ਸਵਾਲ ਕਰਦਾ ਹਾਂ, ਅਤੇ ਤੂੰ ਮੈਨੂੰ ਸਮਝਾ" (38:3; 40:7)।

ਇਕ ਹੋਰ ਵਿਆਖਿਆ ਇਹ ਹੈ ਕਿ ਅੱਯੂਬ ਪਰਮੇਸ਼ੁਰ ਦੇ ਪ੍ਰਤੀ ਆਪਣੀ ਨਿਮਰਤਾ ਦਿਖਾ ਰਿਹਾ ਸੀ। ਇਸ ਆਇਤ ਦਾ ਅਨੁਵਾਦ ਇਸ ਤਰੀਕੇ ਨਾਲ ਕੀਤਾ ਜਾ ਸਕਦਾ ਹੈ: "ਜ਼ਰਾ ਸੁਣ, ਮੈਂ ਪ੍ਰਾਰਥਨਾ ਕਰਾਂਗਾ ਅਤੇ ਜਿੱਥੋਂ ਤੱਕ ਮੇਰੀ ਗੱਲ ਹੈ, ਮੈਂ ਬੋਲਾਂਗਾ, ਮੈਂ ਤੈਥੋਂ ਪੁੱਛਾਂਗਾ ਅਤੇ ਤੂੰ ਮੈਨੂੰ ਦੱਸੇਂਗਾ।" ਅੱਯੂਬ ਹੁਣ ਮੰਗ ਨਹੀਂ ਕਰ ਰਿਹਾ ਸੀ। ਉਹ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਅਤੇ ਪਰਮੇਸ਼ੁਰ ਦੇ ਰਾਹਾਂ ਤੇ ਚੱਲਣ ਦੇ ਲਈ ਉਤਸੁਕ ਸੀ।

ਆਇਤ 5. ਮੈਂ ਤੇਰੇ ਵਿਖੇ ਸੁਣੀਆਂ ਸੁਣਾਈਆਂ ਗੱਲਾਂ ਸੁਣੀਆਂ, ਪਰ ਹੁਣ ਮੇਰੀ ਅੱਖ ਤੈਨੂੰ ਵੇਖਦੀ ਹੈ। ਏ. ਐਸ. ਪੀਕ ਨੇ ਇਸ ਆਇਤ ਨੂੰ "ਪੁਸਤਕ ਦਾ ਸਰਬੋਤਮ ਪਾਠ" ਕਿਹਾ ਹੈ।[7] ਅੱਯੂਬ ਨੇ ਸਪੱਸ਼ਟ ਤੌਰ ਤੇ ਪਰਮੇਸ਼ੁਰ ਦੇ ਬਾਰੇ ਵਿਚ ਉਸ ਦੇ ਗਿਆਨ ਦੀ ਤੁਲਨਾ ਉਸ ਗੱਲ ਨਾਲ ਕੀਤੀ ਸੀ ਜੋ ਉਸ ਨੇ ਯਹੋਵਾਹ ਦੀਆਂ ਗੱਲਾਂ ਤੋਂ ਬਾਅਦ ਜਾਣੀ ਸੀ। ਇਹ ਉਸ ਦੇ ਯੋਜਕ/ਕਿਰਿਆ ਵਿਸ਼ੇਸ਼ਣ ਸੁਮੇਲ "ਪਰ ਹੁਣ" (וְעַתָּה, *ਵੀ'ਅਥਥਾਹ)* ਦੀ ਉਸ ਦੀ ਵਰਤੋਂ ਵਿਚ ਸਪੱਸ਼ਟ ਹੈ, ਜਿਸ ਦਾ ਅਰਥ ਹੈ ਉਸ ਦੇ "ਸੁਣਨ" ਅਤੇ "ਵੇਖਣ" ਵਿਚਕਾਰ ਇਕ ਵਿਰੋਧਭਾਸ। ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਵਿਰੋਧਾਭਾਸ ਗਿਆਨ ਦੇ ਦੋ ਵੱਖ-ਵੱਖ ਸਰੋਤਾਂ ਵਿਚਕਾਰ ਹੈ। "ਸੁਣਨਾ" ਉਸ ਗਿਆਨ ਨੂੰ ਦਰਸਾਉਂਦਾ ਹੈ ਜੋ ਕਿਸੇ ਹੋਰ ਦੇ ਤਜ਼ੁਰਬੇ ਦਾ ਨਤੀਜਾ ਹੈ; ਇਹ ਪੁਰਾਣਾ ਗਿਆਨ ਹੈ। ਇਹ ਉਹ ਗਿਆਨ ਹੈ ਜੋ ਉਨ੍ਹਾਂ ਪਰੰਪਰਾਵਾਂ ਦੁਆਰਾ ਪ੍ਰਾਪਤ ਕੀਤਾ ਗਿਆ ਹੈ ਜੋ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਹਨ। ਦੂਜੇ ਪਾਸੇ, "ਹੁਣ ਮੇਰੀ ਅੱਖ ਤੈਨੂੰ

ਵੇਖਦੀ ਹੈ” ਦਾ ਅਰਥ ਹੈ ਵਿਅਕਤੀਗਤ ਗਿਆਨ ਦਾ ਵਿਚਾਰ, ਉਹ ਗਿਆਨ ਜੋ ਪਰਮੇਸ਼ੁਰ ਨਾਲ ਸਿੱਧੀ ਮੁਲਾਕਾਤ ਨਾਲ ਉਤਪੰਨ ਹੁੰਦਾ ਹੈ। ਟੈਰੀਅਨ ਨੇ ਇਸ ਧਾਰਣਾ ਦਾ ਸਾਰ ਦਿੰਦੇ ਹੋਏ ਕਿਹਾ,

> ਪਰਮੇਸ਼ੁਰ ਬਾਰੇ ਉਸ ਦਾ ਗਿਆਨ ਕੰਨਾਂ ਦੇ ਸੁਣਨ, ਗਿਆਨ ਵਾਲੇ ਸਕੂਲਾਂ ਦੀ ਪਰੰਪਰਾ, ਪ੍ਰਾਚੀਨਾਂ ਦੀ ਗਵਾਹੀ, ਪਿਤਾਵਾਂ ਦੇ ਵਚਨ ਨਾਲ ਅੱਗੇ ਵਧਿਆ। ਉਸ ਦਾ ਧਰਮ ਵਿਰਾਸਤ ਵਿਚ ਮਿਲਿਆ ਹੈ: ਇਹ ਦੂਜੀ ਕਿਸਮ ਦਾ ਸੀ। ਰਵਾਇਤੀ ਅਧਿਆਤਮਕ ਸ਼ਾਸਤਰ ਖੁਸ਼ਹਾਲੀ ਦੇ ਸਮਿਆਂ ਵਿਚ ਸੰਤੋਖਜਨਕ ਹੋ ਸਕਦਾ ਹੈ, ਪਰ ਇਹ ਨਿਰਾਸ਼ਾ ਅਤੇ ਦਰਦ, ਸਮਾਜ ਦੁਆਰਾ ਨਕਾਰੇ ਜਾਣ ਅਤੇ ਖੁਦ ਪਰਮੇਸ਼ੁਰ ਵੱਲੋਂ ਅਲਗਾਵਾਂ ਦੀਆਂ ਸੱਟਾਂ ਤੋਂ ਨਹੀਂ ਬਚ ਸਕਿਆ। ਪਰ ਹੁਣ, ਪਰਮੇਸ਼ੁਰ ਦੇ ਨਾਲ ਤਤਕਾਲੀ ਮੁਲਾਕਾਤ ਦੁਆਰਾ ਜਿਸ ਦਾ ਵਰਣਨ ਕਵੀ ਨੇ ਵਾਵਰੋਲੇ ਵਿੱਚੋਂ ਅਵਾਜ਼ ਦੇ ਨਮੂਨੇ ਦੀ ਵਰਤੋਂ ਕਰਦਿਆਂ ਕੀਤਾ, ਧਰਮ ਦੇ ਬਾਰੇ ਨਾਇਕ ਦਾ ਗਿਆਨ ਪੂਰੀ ਤਰ੍ਹਾਂ ਵੱਖਰੇ ਸ੍ਰੋਤ ਤੋਂ ਆਉਂਦਾ ਹੈ ਅਤੇ ਇੱਕੋ ਇਕ ਤਰੀਕਾ ਜਿਸ ਨਾਲ ਉਹ ਇਸ ਅੰਦਰੂਨੀ ਤੌਰ ਤੇ ਨਵੀਂ ਅਸਲੀਅਤ ਨੂੰ ਪ੍ਰਗਟ ਕਰਨ ਦੇ ਯੋਗ ਹੈ ਇਹ ਕਹਿਣਾ ਹੈ, *ਮੇਰੀ ਅੱਖ ਤੈਨੂੰ ਵੇਖਦੀ ਹੈ*।[8]

ਅੱਯੂਬ ਨੂੰ ਹੁਣ ਆਪਣੀ ਗੰਭੀਰ ਇੱਛਾ ਦਾ ਅਹਿਸਾਸ ਹੋ ਗਿਆ ਸੀ ਜੋ ਉਸ ਨੇ ਪਹਿਲਾਂ ਅਧਿਆਇ 19 ਵਿਚ ਵਿਅਕਤ ਕੀਤੀ ਸੀ। ਉਸ ਨੇ ਉਸ ਨਿਸਤਾਰਾ ਦੇਣ ਵਾਲੇ ਨੂੰ ਵੇਖਿਆ ਜਿਸ ਨੂੰ ਜਾਣਨ ਦਾ ਉਸ ਨੇ ਇਕਰਾਰ ਕੀਤਾ ਸੀ (19:25)। ਨਿਹਚਾ ਦੀਆਂ ਅੱਖਾਂ ਨਾਲ ਅੱਯੂਬ ਨੂੰ ਹੁਣ ਅਹਿਸਾਸ ਹੋ ਗਿਆ ਸੀ ਕਿ ਪਰਮੇਸ਼ੁਰ ਨੇ ਉਸ ਨੂੰ ਕਦੇ ਨਹੀਂ ਤਿਆਗਿਆ ਸੀ।

ਆਇਤ 6. ਏਸ ਲਈ ਮੈਂ ਆਪਣੇ ਆਪ ਤੋਂ ਘਿਣ ਕਰਦਾ ਹਾਂ, ਅਤੇ ਮੈਂ ਖ਼ਾਕ ਤੇ ਸੁਆਹ ਵਿੱਚ ਪਛਤਾਉਂਦਾ ਹਾਂ। NASB ਬਾਈਬਲ ਕਿਰਿਆ מָאַס *(ਮਾਸ)* ਦਾ ਅਨੁਵਾਦ “ਵਾਪਸ ਲੈਣ” ਵਜੋਂ ਕਰਦੀ ਹੈ। ਇਸ ਸ਼ਬਦ ਦਾ ਮੂਲ ਅਰਥ ਹੈ “ਰੱਦ ਕਰਨਾ।”[9] ਇਹ ਤੱਥ ਕਿ ਕਿਰਿਆ ਦਾ ਕੋਈ ਸਿੱਧਾ ਉਦੇਸ਼ ਨਹੀਂ ਹੈ ਇਸ ਸੰਦਰਭ ਵਿਚ ਇਸ ਦੇ ਸਟੀਕ ਅਰਥ ਨੂੰ ਨਿਰਧਾਰਤ ਕਰਨਾ ਵਧੇਰੇ ਮੁਸ਼ਕਲ ਬਣਾਉਂਦਾ ਹੈ। ਕੁਝ ਅਨੁਵਾਦਾਂ ਤੋਂ ਸੰਕੇਤ ਮਿਲਦਾ ਹੈ ਕਿ ਅਸਪੱਸ਼ਟ ਸਿੱਧਾ ਉਦੇਸ਼ ਅੱਯੂਬ ਹੈ: “ਮੈਂ ਆਪਣੇ ਆਪ ਨੂੰ ਨਫ਼ਰਤ ਕਰਦਾ ਹਾਂ” (KJV; ASV) ਜਾਂ “ਮੈਂ ਆਪਣੇ ਆਪ ਨੂੰ ਤੁੱਛ ਜਾਣਦਾ ਹਾਂ” (NIV; NRSV)। ਕੁਝ ਹੋਰ ਅਨੁਵਾਦ, NASB ਬਾਈਬਲ ਦੇ “ਵਾਪਸ ਲੈਣ” ਦੇ ਨਾਲ ਸਹਿਮਤੀ ਵਿਚ, ਸੰਕੇਤ ਦਿੰਦੇ ਹਨ ਕਿ ਅਸਪੱਸ਼ਟ ਸਿੱਧਾ ਉਦੇਸ਼ ਉਹ ਹੈ ਜੋ ਅੱਯੂਬ ਨੇ ਕਿਹਾ ਸੀ (TEV; NJB; NLT)। ਅੱਯੂਬ ਨੇ ਆਪਣੀ ਜ਼ਲਦਬਾਜੀ ਦੇ ਫ਼ੈਸਲਿਆਂ ਨੂੰ ਵਾਪਸ ਲੈ ਲਿਆ ਜੋ ਕਿ ਕਮਜ਼ੋਰ ਸਬੂਤ ਤੇ ਆਧਾਰਿਤ ਸਨ। ਸੱਚਮੁੱਚ, ਉਸ ਨੇ ਉਹ ਕਿਹਾ ਜੋ ਉਹ ਨਹੀਂ ਜਾਣਦਾ ਸੀ, ਅਸਧਾਰਣ ਗੱਲਾਂ ਜਿਨ੍ਹਾਂ ਨੂੰ ਉਹ ਨਹੀਂ ਸਮਝਿਆ (42:3)।

“ਪਛਤਾਉਂਦਾ ਹਾਂ” (נִחַם, *ਨਚਮ)* ਕਿਰਿਆ ਦਾ ਅਰਥ ਹੈ “ਆਪਣੇ ਖੁਦ ਦੇ ਕੰਮਾਂ ਦਾ ਅਫਸੋਸ ਕਰਨਾ, ਪਛਾਉਣਾ, ਦੁੱਖ ਸਹਿਣਾ, ਪਸ਼ਚਾਤਾਪ ਕਰ।”[10] ਹਾਲਾਂਕਿ ਇਹ ਇਬਰਾਨੀ ਬਾਈਬਲ ਵਿਚ “ਪਛਤਾਉਣ” ਦੇ ਲਈ ਸਧਾਰਣ ਸ਼ਬਦ ਨਹੀਂ ਹੈ, ਇਸ ਅਧੀਨਗੀ ਦੇ ਵਿਚਾਰ ਨੂੰ ਚੰਗੀ ਤਰ੍ਹਾਂ ਪੇਸ਼ ਕਰਦਾ ਹੈ ਜੋ ਮੇਲ ਮਿਲਾਪ ਲੈ ਕੇ ਆਉਂਦੀ ਹੈ। ਐਚ. ਐਚ. ਰਾਉਲੀ ਨੇ ਟਿੱਪਣੀ ਕੀਤੀ, “ਅੱਯੂਬ ਦਾ ਪਸ਼ਚਾਤਾਪ ਕਿਸੇ ਅਜਿਹੇ ਪਾਪ ਦਾ ਨਹੀਂ ਹੈ ਜੋ ਉਸ ਦੇ ਉੱਤੇ ਉਸ ਦੇ ਦੁੱਖਾਂ ਨੂੰ ਲੈ ਕੇ ਆਇਆ ਸੀ, ਜਿਵੇਂ ਕਿ ਉਸ ਦੇ ਮਿੱਤ੍ਰਾਂ ਨੇ ਸਮਝਿਆ ਸੀ। ਇਹ ਪਸ਼ਚਾਤਾਪ ਉਨ੍ਹਾਂ ਗੱਲਾਂ ਦੇ ਬਾਰੇ ਵਿਚ ਸੀ ਜੋ ਉਸ ਨੇ ਬਹਿਸ ਦੇ ਦੌਰਾਨ ਆਪਣੀ

ਅਗਿਆਨਤਾ ਵਿਚ ਕਹੀਆਂ ਸਨ।"[11] "ਖ਼ਾਕ ਅਤੇ ਸੁਆਹ" ਦੇ ਸੰਬੰਧ ਵਿਚ, ਵਿਲੀਅਮ ਡੀ. ਰੀਬਰਨ ਨੇ ਲਿਖਿਆ,

> 2:8 ਵਿਚ ਅੱਯੂਬ ਨੂੰ ਸੁਆਹ ਵਿਚ ਬੈਠਣ ਵਜੋਂ ਦਰਸਾਇਆ ਗਿਆ ਹੈ। 2:12 ਵਿਚ ਅੱਯੂਬ ਦੇ ਮਿੱਤ੍ਰ ਉਸ ਦੀ ਹਾਲਤ ਨੂੰ ਵੇਖਦੇ ਹਨ ਅਤੇ ਆਪਣਾ ਦੁੱਖ ਵਿਅਕਤ ਕਰਨ ਦੇ ਲਈ ਉਹ ਆਪਣੇ ਸਿਰਾਂ ਉੱਤੇ ਸੁਆਹ ਉਡਾਉਂਦੇ ਹਨ। 30:19 ਵਿਚ ਅੱਯੂਬ ਆਪਣੇ ਦੁੱਖ ਦੀ ਤੁਲਨਾ ਖ਼ਾਕ ਅਤੇ ਸੁਆਹ ਨਾਲ ਕਰਦਾ ਹੈ। ਖ਼ਾਕ ਅਤੇ ਸੁਆਹ ਵਿਚ ਬੈਠਣਾ ਅਤੇ ਉਨ੍ਹਾਂ ਨੂੰ ਆਪਣਾ ਸਿਰ ਤੇ ਪਾਉਣਾ ਸੋਗ ਅਤੇ ਪਸ਼ਚਾਤਾਪ ਦੀਆਂ ਰਸਮਾਂ ਸਨ।[12]

ਅੱਯੂਬ ਨੇ ਆਪਣੇ ਆਪ ਨੂੰ ਖਰਿਆਈ ਵਾਲਾ ਮਨੁੱਖ ਸਾਬਤ ਕੀਤਾ। ਉਸ ਨੇ ਆਪਣੇ ਚਰਿੱਤਰ ਨੂੰ ਸਾਰੀਆਂ ਬਿਪਤਾਵਾਂ ਅਤੇ ਬਿਮਾਰੀ ਦੇ ਦੌਰਾਨ ਕਾਇਮ ਰੱਖਿਆ ਜੋ ਉਸ ਉੱਤੇ ਆਈਆਂ ਸਨ। ਇਸ ਸਮੇਂ, ਪਰਮੇਸ਼ੁਰ ਤੋਂ ਅਲੱਗ ਹੋਣ ਦੀ ਭਾਵਨਾ ਦੂਰ ਹੋ ਗਈ ਸੀ। ਉਹ ਅਜੇ ਵੀ ਨਹੀਂ ਜਾਣਦਾ ਸੀ ਕਿ ਉਸ ਨੇ ਦੁੱਖ ਕਿਉਂ ਝੱਲਿਆ ਸੀ, ਪਰ ਉਹ ਇਹ ਜ਼ਰੂਰ ਜਾਣਦਾ ਸੀ ਕਿ ਯਹੋਵਾਹ ਨੇ ਉਸ ਨੂੰ ਤਿਆਗਿਆ ਨਹੀਂ ਸੀ। ਯਹੋਵਾਹ ਦੇ ਨਾਲ ਉਸ ਦੀ ਸੰਗਤੀ ਜਾਂ ਮੇਲ ਮਿਲਾਪ ਮੁੜ ਬਹਾਲ ਹੋ ਗਿਆ ਸੀ। ਉਹ ਹੁਣ ਆਤਮ ਵਿਸ਼ਵਾਸ ਨਾਲ ਉਹ ਕਿਸੇ ਵੀ ਚੀਜ਼ ਨੂੰ ਸਵੀਕਾਰ ਕਰ ਸਕਦਾ ਸੀ ਜੋ ਸ਼ਤਾਨ ਦੁਆਰਾ ਉਸ ਉੱਤੇ ਸੁੱਟੀ ਜਾ ਸਕਦੀ ਸੀ। ਅੱਯੂਬ ਇਸ ਗੱਲ ਦੀ ਢੁੱਕਵੀਂ ਮਿਸਾਲ ਸੀ ਜੋ ਪੌਲੁਸ ਰਸੂਲ ਨੇ ਕਈ ਸਦੀਆਂ ਬਾਅਦ ਕਿਹਾ ਸੀ: "ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ" (ਫ਼ਿਲਿੱਪੀਆਂ 4:13)।

ਤਿੰਨ ਮਿੱਤ੍ਰਾਂ ਨੂੰ ਯਹੋਵਾਹ ਦੀ ਝਿੜਕ (42:7-9)

7ਤਾਂ ਐਉਂ ਹੋਇਆ ਜਦ ਯਹੋਵਾਹ ਏਹ ਗੱਲਾਂ ਅੱਯੂਬ ਨਾਲ ਬੋਲ ਚੁੱਕਿਆ, ਤਦ ਯਹੋਵਾਹ ਨੇ ਅਲੀਫ਼ਜ਼ ਤੇਮਾਨੀ ਨੂੰ ਆਖਿਆ, ਮੇਰਾ ਕ੍ਰੋਧ ਤੇਰੇ ਉੱਤੇ ਅਤੇ ਤੇਰੇ ਦੋਹਾਂ ਮਿੱਤ੍ਰਾਂ ਉੱਤੇ ਭੜਕ ਉੱਠਿਆ ਹੈ ਕਿਉਂ ਜੋ ਤੁਸੀਂ ਮੇਰੇ ਵਿਖੇ ਸੱਚ ਨਹੀਂ ਬੋਲੇ ਜਿਵੇਂ ਮੇਰਾ ਦਾਸ ਅੱਯੂਬ ਬੋਲਿਆ। 8ਸੋ ਹੁਣ ਆਪਣੇ ਲਈ ਸੱਤ ਬਲਦ ਅਤੇ ਸੱਤ ਛੱਤਰੇ ਲਓ ਅਤੇ ਮੇਰੇ ਦਾਸ ਅੱਯੂਬ ਕੋਲ ਚੱਲੋ ਅਤੇ ਆਪਣੇ ਲਈ ਹੋਮ ਦੀ ਬਲੀ ਚੜ੍ਹਾਓ ਅਤੇ ਮੇਰਾ ਦਾਸ ਅੱਯੂਬ ਤੁਹਾਡੇ ਲਈ ਪ੍ਰਾਰਥਨਾ ਕਰੇਗਾ। ਮੈਂ ਤਾਂ ਉਹ ਨੂੰ ਮੰਨਾਂਗਾ ਭਈ ਮੈਂ ਤੁਹਾਡੇ ਨਾਲ ਤੁਹਾਡੀ ਮੂਰਖਤਾਈ ਅਨੁਸਾਰ ਨਾ ਕਰਾਂ ਕਿਉਂ ਜੋ ਤੁਸੀਂ ਮੇਰੇ ਵਿਖੇ ਸੱਚ ਨਹੀਂ ਬੋਲੇ ਜਿਵੇਂ ਮੇਰਾ ਦਾਸ ਅੱਯੂਬ ਬੋਲਿਆ। 9ਤਾਂ ਅਲੀਫ਼ਜ਼ ਤੇਮਾਨੀ, ਬਿਲਦਦ ਸ਼ੂਹੀ ਅਤੇ ਸੋਫ਼ਰ ਨਆਮਾਤੀ ਗਏ, ਅਤੇ ਜਿਵੇਂ ਯਹੋਵਾਹ ਉਨ੍ਹਾਂ ਨੂੰ ਬੋਲਿਆ ਸੀ ਤਿਵੇਂ ਹੀ ਕੀਤਾ ਅਤੇ ਯਹੋਵਾਹ ਨੇ ਅੱਯੂਬ ਦੀਆਂ ਗੱਲਾਂ ਨੂੰ ਮੰਨ ਲਿਆ।

ਆਇਤ 7. ਯਹੋਵਾਹ ਇਕ ਵਾਰ ਫੇਰ ਬੋਲਿਆ! ਉਸ ਨੇ ਆਪਣੀਆਂ ਗੱਲਾਂ ਅਲੀਫ਼ਜ਼ ਤੇਮਾਨੀ ਨੂੰ ਸੰਬੋਧਿਤ ਕੀਤੀਆਂ, ਸ਼ਾਇਦ ਇਸ ਲਈ ਕਿਉਂਕਿ ਉਹ ਮਿੱਤ੍ਰਾਂ ਵਿੱਚੋਂ ਸਭ ਤੋਂ ਵੱਡਾ ਸੀ। ਪੂਰਬੀ ਰੀਤੀ ਰਿਵਾਜ ਨੇ ਉਮਰ ਨੂੰ ਤਰਜੀਹ ਦਿੱਤੀ ਅਤੇ ਅਲੀਫ਼ਜ਼ ਅੱਯੂਬ ਨਾਲ ਗੱਲ ਕਰਨ ਵਾਲਾ ਪਹਿਲਾ ਵਿਅਕਤੀ ਸੀ (ਅਧਿਆਇ 4)। ਪਰਮੇਸ਼ੁਰ ਨੇ ਕਿਹਾ, **ਮੇਰਾ ਕ੍ਰੋਧ ਤੇਰੇ ਉੱਤੇ ਅਤੇ ਤੇਰੇ ਦੋਹਾਂ ਮਿੱਤ੍ਰਾਂ ਉੱਤੇ ਭੜਕ ਉੱਠਿਆ ਹੈ ਕਿਉਂ ਜੋ ਤੁਸੀਂ ਮੇਰੇ ਵਿਖੇ ਸੱਚ ਨਹੀਂ ਬੋਲੇ ਜਿਵੇਂ ਮੇਰਾ ਦਾਸ ਅੱਯੂਬ ਬੋਲਿਆ।** ਯਹੋਵਾਹ ਨੇ ਅੱਯੂਬ ਅਤੇ ਉਸ ਦੇ ਮਿੱਤ੍ਰਾਂ ਵਿਚਕਾਰ ਮਸਲੇ ਨੂੰ ਇੱਕੋ ਵਾਰ ਹਮੇਸ਼ਾ ਦੇ ਲਈ ਸੁਲਝਾ ਦਿੱਤਾ। ਰਾਉਲੀ ਨੇ ਸਮਝਾਇਆ,

> ਮਿੱਤ੍ਰਾਂ ਨੇ ਕਿਹਾ ਸੀ ਕਿ ਯੋਗਤਾ ਅਤੇ ਤਜ਼ੁਰਬਾ ਹਮੇਸ਼ਾ ਅਤੇ ਸਪੱਸ਼ਟ ਰੂਪ ਨਾਲ ਮੇਲ ਖਾਂਦੇ ਸਨ, ਜਦ ਕਿ ਅੱਯੂਬ ਨੇ ਕਿਹਾ ਸੀ ਕਿ ਉਹ ਨਿਸ਼ਚਤ ਰੂਪ ਨਾਲ ਮੇਲ ਨਹੀਂ ਖਾਂਦੇ ਸਨ। ਇਸ ਗੱਲ ਵਿਚ ਅੱਯੂਬ ਸਹੀ ਸੀ, ਹਾਲਾਂਕਿ ਉਸ ਨੇ ਇਸ ਤੋਂ ਗਲਤ ਨਤੀਜੇ ਕੱਢੇ ਸਨ; ਪਰ ਮਿੱਤ੍ਰ ਨਿਸ਼ਚਤ ਤੌਰ ਤੇ ਗਲਤ ਸਨ, ਜਿਵੇਂ ਕਿ [ਪੁਰਾਣਾ ਨੇਮ] ਬਾਰ-ਬਾਰ ਸਪੱਸ਼ਟ ਕਰਦਾ ਹੈ।[13]

ਅੱਯੂਬ ਦੋਸ਼ਮੁਕਤ ਹੋ ਗਿਆ ਸੀ। ਉਹ ਉੱਨਾ ਕਠੋਰ ਪਾਪੀ ਨਹੀਂ ਸੀ ਜਿੰਨਾ ਉਨ੍ਹਾਂ ਨੇ ਉਸ ਨੂੰ ਸਮਝਿਆ ਸੀ।

ਇਸ ਸਮੇਂ, ਤਿੰਨ ਮਿੱਤ੍ਰ ਪਰਮੇਸ਼ੁਰ ਦੇ ਬਾਰੇ ਉਨ੍ਹਾਂ ਦੀ ਗਲਤ ਬਿਆਨਬਾਜ਼ੀ ਦੇ ਕਾਰਣ ਪਰਮੇਸ਼ੁਰ ਦੇ "ਕ੍ਰੋਧ" ਦੇ ਅਧੀਨ ਸਨ। ਦੂਜੇ ਪਾਸੇ, ਅੱਯੂਬ ਦੀ ਸਵੀਕਾਰਤਾ ਨੂੰ "ਮੇਰਾ ਦਾਸ ਅੱਯੂਬ" ਅਹੁਦੇ ਦੁਆਰਾ ਦਰਸਾਇਆ ਗਿਆ ਹੈ ਜੋ 7 ਅਤੇ 8 ਆਇਤਾਂ ਵਿਚ ਚਾਰ ਵਾਰ ਆਉਂਦਾ ਹੈ (1:8; 2:3 ਤੇ ਟਿੱਪਣੀਆਂ ਵੇਖੋ)। ਦਿਲਚਸਪ ਗੱਲ ਇਹ ਹੈ ਕਿ ਅਲੀਹੂ ਦਾ ਜ਼ਿਕਰ ਨਹੀਂ ਕੀਤਾ ਗਿਆ।

ਆਇਤ 8. ਅੱਯੂਬ ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਆਪਣੇ ਮਿੱਤ੍ਰਾਂ ਦੀ ਉਪਾਸਨਾ ਅਤੇ ਬਲੀਦਾਨ ਵਿਚ ਅਗਵਾਈ ਕਰੇ ਤਾਂ ਕਿ ਪਰਮੇਸ਼ੁਰ ਦਾ ਕ੍ਰੋਧ ਉਨ੍ਹਾਂ ਉੱਤੇ ਨਾ ਭੜਕੇ। ਇਹ ਪੁਸਤਕ ਅੱਯੂਬ ਦੁਆਰਾ ਆਪਣੇ ਬੱਚਿਆਂ ਲਈ ਬਲੀਆਂ ਚੜ੍ਹਾਉਣ ਨਾਲ ਸ਼ੁਰੂ ਹੋਈ ਸੀ (1:5)। ਇਸ ਤਰ੍ਹਾਂ ਇਕ ਵਿਚੋਲੇ ਵਜੋਂ ਉਸ ਦੀ ਭੂਮਿਕਾ ਪੁਸਤਕ ਨੂੰ ਕੋਸ਼ਠਕ ਵਿੱਚ ਰੱਖਦੀ ਹੈ। ਪੁਰਾਣੇ ਨੇਮ ਵਿਚ ਅਬਰਾਹਾਮ (ਉਤਪਤ 18:22-33; 20:7-18), ਮੂਸਾ (ਕੂਚ 32:11-14; ਗਿਣਤੀ 14:13-19; 21:7; ਬਿਵਸਥਾ ਸਾਰ 9:20) ਅਤੇ ਸਮੂਏਲ (1 ਸਮੂਏਲ 7:5-11; 12:19-25) ਸਮੇਤ ਨਿਹਚਾ ਦੇ ਹੋਰ ਮਹਾਂਪੁਰਖਾਂ ਨੇ ਵਿਚੋਲੇ ਦੇ ਰੂਪ ਵਿਚ ਸੇਵਾ ਕੀਤੀ। ਅੱਯੂਬ ਦੀ ਪ੍ਰਾਰਥਨਾ ਦੇ ਨਤੀਜੇ ਵਜੋਂ, ਪਰਮੇਸ਼ੁਰ ਮਿੱਤ੍ਰਾਂ ਨੂੰ ਉਨ੍ਹਾਂ ਦੀ **ਮੂਰਖਤਾਈ** ਲਈ ਸਜ਼ਾ ਨਹੀਂ ਦੇਵੇਗਾ।

ਆਇਤ 9. ਤਿੰਨ ਮਿੱਤ੍ਰਾਂ ਨੂੰ ਉਸੇ ਤਰਤੀਬ ਵਿਚ ਸੂਚੀਬੱਧ ਕੀਤਾ ਗਿਆ ਹੈ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਪੇਸ਼ ਕੀਤਾ ਗਿਆ ਸੀ: **ਅਲੀਫ਼ਜ਼ ਤੇਮਾਨੀ**, **ਬਿਲਦਦ ਸ਼ੂਹੀ** ਅਤੇ **ਸੋਫ਼ਰ ਨਅਮਾਤੀ** (2:11)। ਉਨ੍ਹਾਂ ਦੀ ਸੋਭਾ ਲਈ, ਉਨ੍ਹਾਂ ਨੇ ਯਹੋਵਾਹ ਦੇ ਬਚਨ ਦੀ ਪਾਲਣਾ ਕੀਤੀ ਅਤੇ ਯਹੋਵਾਹ ਨੇ ਉਨ੍ਹਾਂ ਲਈ **ਅੱਯੂਬ** [ਦੀ] ਸਿਫ਼ਾਰਸ਼ੀ ਪ੍ਰਾਰਥਨਾ ਨੂੰ **ਮੰਨ ਲਿਆ।** "ਮੰਨ ਲਿਆ" ਮੁਹਾਵਰੇ ਦਾ ਇਬਰਾਨੀ ਭਾਸ਼ਾ ਵਿਚ ਅਨੁਵਾਦ ਕਰਦਾ ਹੈ ਜਿਸ ਦਾ ਅਰਥ ਹੈ "ਦੇ ਮੂੰਹ ਨੂੰ ਚੁੱਕਣਾ।"

ਯਹੋਵਾਹ ਦਾ ਅੱਯੂਬ ਨੂੰ ਸਭ ਕੁਝ ਬਹਾਲ ਕਰਨਾ ਅਤੇ ਅੱਯੂਬ ਨੂੰ ਬੱਚਿਆਂ ਦੀ ਬਰਕਤ ਦੇਣਾ (42:10-17)

10ਜਦੋਂ ਅੱਯੂਬ ਆਪਣੇ ਮਿੱਤ੍ਰਾਂ ਲਈ ਪ੍ਰਾਰਥਨਾ ਕਰ ਚੁੱਕਾਂ ਤਾਂ ਯਹੋਵਾਹ ਨੇ ਅੱਯੂਬ ਦੇ ਨਸੀਬਾਂ ਨੂੰ ਬਹਾਲ ਕਰ ਦਿੱਤਾ ਅਤੇ ਜੋ ਕੁਝ ਅੱਯੂਬ ਦੇ ਕੋਲ ਸੀ ਯਹੋਵਾਹ ਨੇ ਦੁਗਣਾ ਕਰ ਦਿੱਤਾ। 11ਤਾਂ ਉਹ ਦੇ ਕੋਲ ਉਹ ਦੇ ਸਾਰੇ ਭਰਾ, ਉਹ ਦੀਆਂ ਸਾਰੀਆਂ ਭੈਣਾਂ ਅਤੇ ਉਹ ਦੇ ਸਾਰੇ ਅਗਲੇ ਜਾਣ ਪਛਾਣ ਆਏ ਅਤੇ ਉਨ੍ਹਾਂ ਨੇ ਉਹ ਦੇ ਨਾਲ ਉਹ ਦੇ ਘਰ ਵਿੱਚ ਪਰਸ਼ਾਦ ਛੱਕਿਆ, ਅਤੇ ਮੁਕਾਣ ਦਿੱਤੀ ਅਤੇ ਉਸ ਸਾਰੀ ਬੁਰਿਆਈ ਦੇ ਕਾਰਨ ਜਿਹੜੀ ਯਹੋਵਾਹ ਨੇ ਉਹ ਦੇ ਉੱਤੇ ਆਉਣ ਦਿੱਤੀ, ਉਹ ਨੂੰ ਤਸੱਲੀ ਦਿੱਤੀ ਅਤੇ ਹਰ ਇੱਕ ਨੇ ਉਹ ਨੂੰ ਇੱਕ ਇੱਕ ਸਿੱਕਾ ਦਿੱਤਾ ਅਤੇ ਹਰ ਇੱਕ ਨੇ ਉਹ ਨੂੰ ਇੱਕ ਇੱਕ ਸੋਨੇ ਦੀ ਅੰਗੂਠੀ ਦਿੱਤੀ। 12ਸੋ ਯਹੋਵਾਹ

ਨੇ ਅੱਯੂਬ ਦੀ ਆਖ਼ਰੀ ਅਵਸਥਾ ਨੂੰ ਉਹ ਦੀ ਪਹਿਲੀ ਅਵਸਥਾ ਤੋਂ ਵੱਧ ਬਰਕਤ ਦਿੱਤੀ, ਅਤੇ ਉਹ ਦੇ ਕੋਲ ਚੌਦਾਂ ਹਜ਼ਾਰ ਇੱਜੜ, ਛੇ ਹਜ਼ਾਰ ਊਠ, ਇੱਕ ਹਜ਼ਾਰ ਜੋੜੀ ਬਲਦ, ਅਤੇ ਇੱਕ ਹਜ਼ਾਰ ਗਧੀਆਂ ਹੋ ਗਈਆਂ। [13]ਅਤੇ ਉਹ ਦੇ ਸੱਤ ਪੁੱਤ੍ਰ ਤੇ ਤਿੰਨ ਧੀਆਂ ਹੋਏ। [14]ਉਹ ਨੇ ਪਹਿਲੀ ਦਾ ਨਾਉਂ ਯਮੀਮਾਹ ਅਤੇ ਦੂਜੀ ਦਾ ਨਾਉਂ ਕਸੀਆਹ ਅਤੇ ਤੀਜੀ ਦਾ ਨਾਉਂ ਕਰਨ-ਹੱਪੂਕ ਰੱਖਿਆ। [15]ਅਤੇ ਸਾਰੇ ਦੇਸ ਵਿੱਚ ਅੱਯੂਬ ਦੀਆਂ ਧੀਆਂ ਨਾਲੋਂ ਰੂਪਵੰਤ ਇਸਤ੍ਰੀਆਂ ਨਾ ਮਿਲ ਸੱਕੀਆਂ ਅਤੇ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਭਰਾਵਾਂ ਵਿੱਚ ਮਿਲਖ ਦਿੱਤੀ। [16]ਏਹ ਦੇ ਪਿੱਛੋਂ ਅੱਯੂਬ ਇੱਕ ਸੌ ਚਾਲੀ ਵਰਹੇ ਜੀਉਂਦਾ ਰਿਹਾ ਅਤੇ ਉਸ ਨੇ ਆਪਣੇ ਪੁੱਤ੍ਰ ਅਤੇ ਆਪਣੇ ਪੋਤ੍ਰੇ ਚੌਥੀ ਪੀੜ੍ਹੀ ਤੀਕ ਵੇਖੇ। [17]ਤਾਂ ਅੱਯੂਬ ਬੁੱਢਾ ਤੇ ਸਮਾਪੂਰ ਹੋ ਕੇ ਚਲਾਣਾ ਕਰ ਗਿਆ।

ਇਹ ਪੁਸਤਕ ਅੱਯੂਬ ਦੇ ਨਸੀਬਾਂ ਦੀ ਬਹਾਲੀ ਦੇ ਵਿਰਤਾਂਤ ਨਾਲ ਖਤਮ ਹੁੰਦੀ ਹੈ। ਰਾਉਲੀ ਨੇ ਇਸ ਉਪਸੰਹਾਰ ਨੂੰ "ਪੁਸਤਕ ਦੀ ਕਲਾਤਮਕਤਾ ਦੀ ਮੰਗ" ਮੰਨਿਆ। ਉਸ ਨੇ ਕਿਹਾ ਕਿ "ਇਸ ਤੋਂ ਬਿਨ੍ਹਾਂ ਰਚਨਾ ਗੰਭੀਰ ਰੂਪ ਨਾਲ ਅਧੂਰੀ ਰਹਿ ਜਾਣੀ ਸੀ।"[14] ਹਾਲਾਂਕਿ ਇਹ ਸਾਹਿਤਕ ਦ੍ਰਿਸ਼ਟੀਕੋਣ ਤੋਂ ਸਹੀ ਹੋ ਸਕਦਾ ਹੈ, ਇਹ ਨਿਸ਼ਚਤ ਤੌਰ ਤੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਸੱਚ ਨਹੀਂ ਹੈ। ਨਿਸ਼ਚਤ ਤੌਰ ਤੇ ਅਸੀਂ ਅੱਯੂਬ ਦੀ ਸਿਹਤ, ਦੌਲਤ ਅਤੇ ਪਰਿਵਾਰ ਦੀ ਬਹਾਲੀ ਵਿਚ ਖੁਸ਼ ਹੁੰਦੇ ਹਾਂ। ਪਰ, ਕੀ ਹੁੰਦਾ ਜੇਕਰ ਅੱਯੂਬ ਪੁਸਤਕ ਦਸਵੀਂ ਆਇਤ ਦੇ ਨਾਲ ਸਿਰਫ ਇਹ ਕਹਿੰਦੇ ਹੋਏ ਖਤਮ ਹੋ ਜਾਂਦੀ "ਅਤੇ ਅੱਯੂਬ ਮਰ ਗਿਆ"?

ਬਹੁਤ ਸਾਰੇ ਲੋਕਾਂ ਲਈ, ਅੱਯੂਬ ਵਰਗੇ ਮੁਸ਼ਕਲ ਹਾਲਾਤਾਂ ਵਿੱਚੋਂ ਲੰਘਣ ਦੇ ਬਾਅਦ ਵੀ ਨਸੀਬਾਂ ਦੀ ਬਹਾਲੀ ਨਹੀਂ ਹੁੰਦੀ। ਪਰਮੇਸ਼ੁਰ ਦੇ ਵਚਨ ਵਿਚ ਕੋਈ ਵਾਅਦਾ ਨਹੀਂ ਕੀਤਾ ਗਿਆ ਹੈ ਕਿ ਗੰਭੀਰ ਬਿਮਾਰੀ, ਦੌਲਤ ਦੇ ਘਾਟੇ, ਜਾਂ ਹੋਰ ਵਿਨਾਸ਼ਕਾਰੀ ਹਾਲਾਤਾਂ ਤੋਂ ਬਾਅਦ ਇਸ ਜੀਵਨ ਵਿਚ ਬਹਾਲੀ ਹੋਵੇਗੀ। ਹਾਲਾਂਕਿ, ਸਾਡੇ ਕੋਲ ਪਰਮੇਸ਼ੁਰ ਦਾ ਇਹ ਵਾਅਦਾ ਜ਼ਰੂਰ ਹੈ ਕਿ ਉਹ ਸਾਨੂੰ "ਨਾ ਕਦੇ ਛੱਡੇਗਾ ਨਾ ਕਦੇ ਤਿਆਗੇਗਾ" (ਇਬਰਾਨੀਆਂ 13:5)। ਸਾਡੇ ਕੋਲ ਇਹ ਭਰੋਸਾ ਵੀ ਹੈ:

> ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ (1 ਕੁਰਿੰਥੀਆਂ 10:13)।

ਆਇਤ 10. ਇਹ ਉਸ ਦੇ ਮਿੱਤ੍ਰਾਂ ਦੇ ਲਈ ਅੱਯੂਬ ਦੀ ਸਿਫ਼ਾਰਸ਼ੀ ਪ੍ਰਾਰਥਨਾ ਦੇ ਸਮੇਂ ਸੀ - ਜਿਸ ਲਈ ਇਕ ਦਿਆਲੂ ਅਤੇ ਮਾਫ਼ ਕਰਨ ਵਾਲੀ ਭਾਵਨਾ ਦੀ ਜ਼ਰੂਰਤ ਸੀ - ਜਦੋਂ **ਯਹੋਵਾਹ ਨੇ ਅੱਯੂਬ ਦੇ ਨਸੀਬਾਂ ਨੂੰ ਬਹਾਲ ਕਰ ਦਿੱਤਾ।** ਯਹੋਵਾਹ ਨੇ ਨਾ ਸਿਰਫ ਉਸ ਦੀ ਖੁਸ਼ਹਾਲੀ ਨੂੰ ਬਹਾਲ ਕੀਤਾ, ਪਰ ਉਸ ਨੇ **ਜੋ ਕੁਝ ਅੱਯੂਬ ਦੇ ਕੋਲ ਸੀ ਉਸ ਨੂੰ ਦੁਗਣਾ ਵੀ ਕਰ ਦਿੱਤਾ।** ਅੱਯੂਬ ਨੇ ਆਪਣੀ ਦੌਲਤ ਦੀ ਸਰੀਰਕ ਬਹਾਲੀ ਲਈ ਪ੍ਰਾਰਥਨਾ ਨਹੀਂ ਕੀਤੀ ਸੀ, ਪਰ ਪਰਮੇਸ਼ੁਰ ਦੀ ਵੱਲ ਆਪਣੇ ਮਿੱਤ੍ਰਾਂ ਦੀ ਆਤਮਿਕ ਬਹਾਲੀ ਲਈ ਪ੍ਰਾਰਥਨਾ ਕੀਤੀ ਸੀ; ਫਿਰ ਵੀ, ਅੰਤ ਵਿਚ, ਉਸ ਨੂੰ ਭੌਤਿਕ ਤੌਰ ਤੇ ਵੀ ਬਰਕਤ ਮਿਲੀ।

ਆਇਤ 11. ਨਾ ਸਿਰਫ ਅੱਯੂਬ ਦਾ ਪਰਮੇਸ਼ੁਰ ਦੇ ਨਾਲ ਮੇਲ ਬਹਾਲ ਹੋਇਆ, ਬਲਕਿ ਉਸ ਦੇ ਪਰਿਵਾਰ ਅਤੇ ਮਿੱਤ੍ਰਾਂ ਦੇ ਨਾਲ ਉਸ ਦੀ ਸੰਗਤੀ ਵੀ ਬਹਾਲ ਹੋ ਗਈ। ਇਸ ਤੋਂ ਪਹਿਲਾਂ ਪੁਸਤਕ ਵਿਚ, ਅੱਯੂਬ ਨੇ ਸੰਕੇਤ ਦਿੱਤਾ ਸੀ ਕਿ ਉਸ ਨੂੰ ਇਨ੍ਹਾਂ ਲੋਕਾਂ - ਜਿਨ੍ਹਾਂ ਨੂੰ ਉਸ

ਦੀ ਲੋੜ ਸਮੇਂ ਉਸ ਦਾ ਸਾਥ ਦੇਣਾ ਚਾਹੀਦਾ ਸੀ - ਦੁਆਰਾ ਤਿਆਗਿਆ ਹੋਇਆ ਮਹਿਸੂਸ ਹੋਇਆ ਸੀ (19:13-22)। ਉਨ੍ਹਾਂ ਦੀ ਨਵੀਂ ਸੰਗਤੀ ਅੱਯੂਬ ਦੇ ਘਰ ਵਿਚ ਇਕੱਠਿਆਂ ਭੋਜਨ ਕਰਨ ਦੁਆਰਾ ਪਰਗਟ ਕੀਤੀ ਗਈ ਸੀ।

ਅਤੇ ਮੁਕਾਣ ਦਿੱਤੀ ਅਤੇ ਉਸ ਸਾਰੀ ਬੁਰਿਆਈ ਦੇ ਕਾਰਨ ਜਿਹੜੀ ਯਹੋਵਾਹ ਨੇ ਉਹ ਦੇ ਉੱਤੇ ਆਉਣ ਦਿੱਤੀ ਉਹ ਨੂੰ ਤਸੱਲੀ ਦਿੱਤੀ। ਇਹ ਕਥਨ 2:11 ਦੀ ਯਾਦ ਦਿਵਾਉਂਦਾ ਹੈ ਜਿੱਥੇ ਤਿੰਨ ਮਿੱਤ੍ਰ ਅੱਯੂਬ ਦਾ "ਦੁੱਖ ਵੰਡਾਉਣ" (נוּד, *ਨਡ)* ਅਤੇ ਉਸ ਨੂੰ "ਦਿਲਾਸਾ ਦੇਣ" (נָחַם, *ਨਚਮ)* ਆਏ ਸਨ। ਇੱਥੇ ਉਹੀ ਇਬਰਾਨੀ ਸ਼ਬਦ ਵਰਤੇ ਗਏ ਹਨ। ਇਹ ਲੋਕ ਇਸ ਸਮੇਂ ਅੱਯੂਬ ਨੂੰ ਦਿਲਾਸਾ ਦੇਣ ਕਿਉਂ ਆਏ? ਜੌਨ ਈ. ਹਾਰਟਲੀ ਨੇ ਸੁਝਾਅ ਦਿੱਤਾ, "ਸ਼ਾਇਦ ਉਨ੍ਹਾਂ ਦਾ ਇਹ ਕਾਰਜ ਮਨੁੱਖੀ ਸੁਭਾਅ ਨੂੰ ਦਰਸਾਉਂਦਾ ਹੈ, ਜੋ ਉਸ ਵਿਅਕਤੀ ਦੀ ਸਹਾਇਤਾ ਲਈ ਆਉਂਦਾ ਹੈ ਜਿਸ ਨੇ ਮੁਸੀਬਤ ਦੇ ਖਤਮ ਹੋਣ ਅਤੇ ਨਤੀਜੇ ਦੇ ਭਰੋਸੇ ਤੋਂ ਬਾਅਦ ਬਹੁਤ ਵੱਡਾ ਨੁਕਸਾਨ ਝੱਲਿਆ ਹੈ।"[15]

ਅਤੇ ਹਰ ਇੱਕ ਨੇ ਉਹ ਨੂੰ ਇੱਕ ਇੱਕ ਸਿੱਕਾ ਦਿੱਤਾ ਅਤੇ ਹਰ ਇੱਕ ਨੇ ਉਹ ਨੂੰ ਇੱਕ ਇੱਕ ਸੋਨੇ ਦੀ ਅੰਗੂਠੀ ਦਿੱਤੀ। "ਇੱਕ ਇੱਕ ਸਿੱਕਾ" ਵਾਕ ਇਬਰਾਨੀ ਸ਼ਬਦ קְשִׂיטָה *(ਕਿਸਿੱਟਾਹ)* ਦਾ ਅਨੁਵਾਦ ਹੈ। ਰਾਉਲੀ ਨੇ ਦੱਸਿਆ, "ਇਹ ਬਿਨ੍ਹਾਂ ਸਿੱਕੇ ਦੇ ਚਾਂਦੀ ਦਾ ਇਕ ਟੁਕੜਾ ਸੀ, ਜਿਸ ਦਾ ਜ਼ਿਕਰ [ਹੋਰ ਕਿਤੇ ਸਿਰਫ ਉਤਪਤ 33:19 ਅਤੇ ਯਹੋਸ਼ੁਆ 24:32] ਵਿਚ ਕੀਤਾ ਗਿਆ ਹੈ ਅਤੇ ਇਸ ਲਈ ਪੁਰਖਾਂ ਦੇ ਯੁੱਗ ਵਿਚ ਨਿਰਧਾਰਤ ਕਹਾਣੀ ਵਿਚ ਢੁੱਕਵੇਂ ਰੂਪ ਵਿਚ ਵਰਤਿਆ ਗਿਆ ਹੈ।"[16] ਇਹ ਦੋਵੇਂ ਹਵਾਲੇ ਯਾਕੂਬ ਦੇ ਜ਼ਮੀਨ ਖਰੀਦਣ ਬਾਰੇ ਹਨ। ਅੰਗੂਠੀ [ਅੰਗੂਠੀਆਂ] ਨੱਕ ਵਿਚ ਔਰਤਾਂ ਦੁਆਰਾ (ਉਤਪਤ 24:47; ਕਹਾਉਤਾਂ 11:22; ਯਸਾਯਾਹ 3:21) ਅਤੇ ਕੰਨ ਵਿਚ ਔਰਤਾਂ ਅਤੇ ਮਰਦਾਂ ਦੋਹਾਂ ਦੁਆਰਾ (ਉਤਪਤ 35:4; ਕੂਚ 32:2, 3; ਨਿਆਈਆਂ 8:24-25) ਪਾਈਆਂ ਜਾਂਦੀਆਂ ਸਨ।

ਆਇਤ 12. ਸੋ ਯਹੋਵਾਹ ਨੇ ਅੱਯੂਬ ਦੀ ਆਖ਼ਰੀ ਅਵਸਥਾ ਨੂੰ ਉਹ ਦੀ ਪਹਿਲੀ ਅਵਸਥਾ ਤੋਂ ਵੱਧ ਬਰਕਤ ਦਿੱਤੀ। ਜਿਵੇਂ ਕਿ ਆਇਤ 10 ਵਿਚ ਦਰਸਾਇਆ ਗਿਆ ਹੈ, ਉਸ ਦੇ ਪਸ਼ੂਆਂ ਦੀ ਗਿਣਤੀ ਦੁਗਣੀ ਹੋ ਗਈ। ਅੱਯੂਬ ਦੀ ਵੱਡੀ ਬਿਪਤਾ ਤੋਂ ਪਹਿਲਾਂ, ਉਹ ਦੇ ਕੋਲ "ਸੱਤ ਹਜ਼ਾਰ ਭੇਡਾਂ, ਤਿੰਨ ਹਜ਼ਾਰ ਊਠ, ਪੰਜ ਸੌ ਜੋੜੀ ਬਲਦ, ਪੰਜ ਸੌ ਗਧੀਆਂ ਸਨ" (1:3)। ਬਾਅਦ ਵਿਚ, ਉਹ ਦੇ ਕੋਲ **ਚੌਦਾਂ ਹਜ਼ਾਰ ਭੇਡਾਂ**, **ਛੇ ਹਜ਼ਾਰ ਊਠ**, **ਇੱਕ ਹਜ਼ਾਰ ਜੋੜੀ ਬਲਦ ਅਤੇ ਇੱਕ ਹਜ਼ਾਰ ਗਧੀਆਂ** ਸਨ।

ਆਇਤ 13. ਅੱਯੂਬ ਅਤੇ ਉਸ ਦੀ ਪਤਨੀ ਦੇ ਦਸ ਹੋਰ ਬੱਚੇ ਹੋਏ, **ਸੱਤ ਪੁੱਤ੍ਰ ਤੇ ਤਿੰਨ ਧੀਆਂ**। ਕੁਝ ਅਰਥਾਂ ਵਿਚ, ਇਨ੍ਹਾਂ ਨੇ "ਸੱਤ ਪੁੱਤ੍ਰਾਂ ਅਤੇ ਤਿੰਨ ਧੀਆਂ" (1:2) ਦੀ ਜਗ੍ਹਾ ਲੈ ਲਈ ਜਿਨ੍ਹਾਂ ਦੀ ਕਹਾਣੀ ਦੇ ਅਰੰਭ ਵਿਚ ਮੌਤ ਹੋ ਗਈ ਸੀ (1:18, 19)।

ਆਇਤ 14. ਇਹ ਦਿਲਚਸਪ ਹੈ ਕਿ ਧੀਆਂ ਦੇ ਨਾਮ (ਪੁੱਤਰਾਂ ਦੀ ਥਾਂ) ਦਿੱਤੇ ਗਏ ਹਨ: **ਯਮੀਮਾਹ, ਕਸੀਆਹ ਅਤੇ ਕਰਨ-ਹੱਪੂਕ।** ਹਰ ਨਾਮ ਸੁੰਦਰਤਾ ਜਾਂ ਆਕਰਸ਼ਣ ਜਾਂ ਦੋਵਾਂ ਨੂੰ ਦਰਸਾਉਂਦਾ ਹੈ। "ਯਮੀਮਾਹ" ਦਾ ਅਰਥ "ਕਬੂਤਰ" ਜਾਂ "ਘੁੱਗੀ" ਹੈ, ਜੋ ਉਸ ਦੀਆਂ ਅੱਖਾਂ ਦੀ ਖ਼ੂਬਸੂਰਤੀ ਜਾਂ ਉਸ ਦੀ ਅਵਾਜ਼ ਦੀ ਮਿਠਾਸ ਦਾ ਹਵਾਲਾ ਦੇ ਸਕਦੀ ਹੈ (ਸਰੇਸ਼ਟ ਗੀਤ 1:15; 2:14; 5:2; 6:9)। "ਕੇਜ਼ੀਆਹ" ਦਾ ਅਰਥ "ਕਸੀਆਹ" ਹੈ, ਇਕ ਪ੍ਰਕਾਰ ਦੀ ਦਾਲਚੀਨੀ ਜਿਸ ਦੀ ਵਰਤੋਂ ਇਤਰ ਦੇ ਰੂਪ ਵਿਚ ਕੀਤੀ ਜਾਂਦੀ ਹੈ (ਜ਼ਬੂਰ 45:8; ਕਹਾਉਤਾਂ 7:17)। "ਕਰਨ-ਹੱਪੂਕ" ਦਾ ਅਰਥ ਹੈ "ਸੁਰਮੇ ਦ ਸਿੰਙ [ਜਾਂ ਕੁੱਪੀ]," ਜਿਸ ਦੀ ਵਰਤੋਂ ਪੁਰਾਤਨ ਸਮਿਆਂ ਵਿਚ ਕੱਜਲ ਦੇ ਰੂਪ ਵਿਚ ਕੀਤੀ ਜਾਂਦੀ ਸੀ (2 ਰਾਜਿਆਂ 9:30; ਯਿਰਮਿਯਾਹ 4:30)।

ਆਇਤ 15. ਅਤੇ ਸਾਰੇ ਦੇਸ ਵਿੱਚ ਅੱਯੂਬ ਦੀਆਂ ਧੀਆਂ ਨਾਲੋਂ ਰੂਪਵੰਤ ਇਸਤ੍ਰੀਆਂ ਨਾ ਮਿਲ ਸੱਕੀਆਂ। ਉਹ ਨਿਸ਼ਚਤ ਤੌਰ ਤੇ ਆਪਣੇ ਨਾਮ ਤੇ ਖਰੀਆਂ ਉਤਰੀਆਂ! ਵਿਸ਼ੇਸ਼ਣ "ਰੂਪਵੰਤ" (יָפֶה, *ਯਾਪੇਹ)* ਦਾ ਅਨੁਵਾਦ "ਸੋਹਣੀਆਂ" (NLT) ਜਾਂ "ਸੁੰਦਰ" (NIV) ਵੀ ਕੀਤਾ ਜਾ ਸਕਦਾ ਹੈ। ਇਸ ਸ਼ਬਦ ਦੁਆਰਾ ਵਰਣਨ ਕੀਤੀਆਂ ਗਈਆਂ ਹੋਰਨਾਂ ਇਸਤ੍ਰੀਆਂ ਵਿਚ ਸ਼ਾਮਲ ਹਨ: ਸਾਰਾਹ (ਉਤਪਤ 12:11, 14), ਰਾਖੇਲ (ਉਤਪਤ 29:17), ਦਾਊਦ ਦੀ ਧੀ ਤਾਮਾਰ (2 ਸਮੂਏਲ 13:1), ਸ਼ੂਨੰਮੀ ਅਬੀਸ਼ਗ (1 ਰਾਜਿਆਂ 1:3, 4), ਅਸਤਰ (ਅਸਤਰ 2:7) ਅਤੇ ਸੁਲੇਮਾਨ ਦੀ ਲਾੜ੍ਹੀ (ਸਰੇਸ਼ਟ ਗੀਤ 1:8, 15)।

ਅਤੇ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਭਰਾਵਾਂ ਵਿੱਚ ਮਿਲਖ ਦਿੱਤੀ। ਇਹ ਕਥਨ ਅੱਯੂਬ ਦੀ ਖੁੱਲ੍ਹਦਿਲੀ ਤੇ ਚਾਨਣਾ ਪਾਉਂਦਾ ਹੈ। ਆਮ ਤੌਰ ਤੇ ਸਿਰਫ ਪੁੱਤਰਾਂ ਨੂੰ ਹੀ ਮਿਲਖ ਦਿੱਤੀ ਜਾਂਦੀ ਸੀ (ਵੇਖੋ ਗਿਣਤੀ 27:1-11; 36:1-13)।

ਆਇਤਾਂ 16, 17. ਅਸੀਂ ਨਹੀਂ ਜਾਣਦੇ ਕਿ ਅੱਯੂਬ ਹੋਰ **ਇੱਕ ਸੌ ਚਾਲੀ ਵਰਹੇ** ਜੀਉਂਦਾ ਰਿਹਾ ਸੀ ਜਾਂ ਨਹੀਂ ਜਾਂ ਇਹ ਕਿ ਉਸ ਦੀ ਉਮਰ ਸਿਰਫ ਇੰਨੀ ਸੀ। ਜੋ ਵੀ ਹੋਵੇ, ਉਸ ਨੇ ਇਕ ਲੰਬਾ ਜੀਵਨ ਜੀਇਆ। ਲੰਬੀ ਉਮਰ ਪੁਰਖਿਆਂ ਦੇ ਯੁੱਗ ਦੀ ਵਿਸ਼ੇਸ਼ਤਾ ਸੀ (ਉਤਪਤ 25:7; 35:28; 47:28; 50:22)। ਆਪਣੇ ਦੋਹਤ੍ਰੇ-ਪੋਤ੍ਰਿਆਂ ਨੂੰ ਵੇਖਣਾ ਇਕ ਬਹੁਤ ਵੱਡੀ ਬਰਕਤ ਸਮਝਿਆ ਜਾਂਦਾ ਸੀ (ਜ਼ਬੂਰ 128:6; ਕਹਾਉਤਾਂ 17:6)। ਅੱਯੂਬ ਕਰਮਾਂ ਭਾਗਾਂ ਵਾਲਾ ਸੀ ਕਿਉਂਕਿ ਉਸ ਨੇ ਆਪਣੀ ਔਲਾਦ ਦੀ **ਚੌਥੀ ਪੀੜ੍ਹੀ** ਵੇਖੀ। **ਤਾਂ ਅੱਯੂਬ ਬੁੱਢਾ ਤੇ ਸਮਾਪੂਰ ਹੋ ਕੇ ਚਲਾਣਾ ਕਰ ਗਿਆ।** ਅਬਰਾਹਾਮ ਦੀ ਮੌਤ ਦਾ ਵਰਣਨ ਵੀ ਇਸੇ ਤਰ੍ਹਾਂ ਦੀ ਭਾਸ਼ਾ ਵਿਚ ਕੀਤਾ ਗਿਆ ਹੈ: "ਅਬਰਾਹਾਮ ਪ੍ਰਾਣ ਤਿਆਗ ਕੇ ਚੰਗੇ ਬਿਰਧ ਪੁਣੇ ਵਿੱਚ ਬੁੱਢਾ ਅਰ ਸਮਾਪੂਰ ਹੋਕੇ ਮਰ ਗਿਆ" (ਉਤਪਤ 25:8)। ਚਾਲੀ ਵਰਹੇ ਰਾਜ ਕਰਨ ਤੋਂ ਬਾਅਦ, ਦਾਊਦ ਪਾਤਸ਼ਾਹ "ਚੰਗੀ ਲੰਮੀ ਅਵਸਥਾ ਵਿੱਚ ਜੀਉਣ, ਧਨ ਅਤੇ ਪਤ ਨਾਲ ਪਰੀ ਪੂਰਨ ਹੋ ਕੇ ਮਰ ਗਿਆ ਅਤੇ ਉਸ ਦਾ ਪੁੱਤ੍ਰ ਸੁਲੇਮਾਨ ਉਸ ਦੇ ਥਾਂ ਪਾਤਸ਼ਾਹ ਹੋਇਆ" (1 ਇਤਹਾਸ 29:28)।

ਪ੍ਰਾਸੰਗਿਕਤਾ

ਅੱਯੂਬ ਦੇ ਜੀਵਨ ਤੋਂ ਸਬਕ (42:1-9)

ਅੱਯੂਬ ਦੀ ਪੁਸਤਕ ਦੇ ਅੰਤ ਵਿੱਚ ਅੱਯੂਬ ਨੇ ਯਹੋਵਾਹ ਨੂੰ ਜਵਾਬ ਦਿੱਤਾ (42:1-6); ਫਿਰ ਯਹੋਵਾਹ ਨੇ ਤਿੰਨ ਮਿੱਤ੍ਰਾਂ ਦੇ ਨਾਲ ਗੱਲ ਕੀਤੀ (42:7-9)। ਇਸ ਲਿਖਤ ਤੋਂ ਅਸੀਂ ਤਿੰਨ ਬਹੁਮੱਲੇ ਸਬਕ ਸਿੱਖ ਸਕਦੇ ਹਾਂ।

ਪਰਮੇਸ਼ੁਰ ਦੇ ਪ੍ਰਤੀ ਪਸ਼ਚਾਤਾਪੀ ਹੋਣਾ (42:1-6)। ਅੱਯੂਬ ਨੇ ਮਹਿਸੂਸ ਕੀਤਾ ਕਿ ਜਿੰਨਾ ਉਹ ਅਸਲ ਵਿਚ ਜਾਣਦਾ ਸੀ ਉਸ ਨਾਲੋਂ ਕਿਤੇ ਜ਼ਿਆਦਾ ਉਸ ਨੇ ਕਿਹਾ ਸੀ। ਉਹ ਗੱਲਾਂ ਕਰਕੇ ਪਛਤਾਇਆ ਸੀ, ਜਿਵੇਂ ਕਿ ਅੱਜ ਅਸੀਂ ਅਕਸਰ ਕਰਦੇ ਹਾਂ। ਸਾਡੀ ਗੱਲਬਾਤ ਨਾਲ ਸੰਬੰਧਤ ਪਾਪ ਪ੍ਰਚਲਿਤ ਹਨ। ਯਾਕੂਬ ਨੇ ਕਿਹਾ, "ਜੇ ਕੋਈ ਬਚਨ ਵਿੱਚ ਨਾ ਭੁੱਲੇ ਤਾਂ ਉਹ ਸਿੱਧ ਪੁਰਸ਼ ਹੈ ਅਤੇ ਸਾਰੀ ਦੇਹੀ ਨੂੰ ਭੀ ਲਗਾਮ ਦੇ ਸੱਕਦਾ ਹੈ" (ਯਾਕੂਬ 3:2)। ਅੱਯੂਬ ਨੂੰ ਉਸ ਦੀ ਗਲਤੀ ਵਿਖਾਏ ਜਾਣ ਤੋਂ ਬਾਅਦ, ਉਸ ਨੇ ਪਸ਼ਚਾਤਾਪ ਕੀਤਾ। ਸਾਨੂੰ ਆਪਣੇ ਸਿਰਜਣਹਾਰ ਦੇ ਪ੍ਰਤੀ ਇਸੇ ਪ੍ਰਕਾਰ ਦੀ ਪਸ਼ਚਾਤਾਪ ਦੀ ਭਾਵਨਾ ਨੂੰ ਬਣਾਈ ਰੱਖਣਾ ਚਾਹੀਦਾ ਹੈ। ਯੂਹੰਨਾ ਨੇ ਮਸੀਹੀ ਲੋਕਾਂ ਨੂੰ ਪਰਮੇਸ਼ੁਰ ਨਾਲ ਉਨ੍ਹਾਂ ਦੇ ਪਾਪ ਬਾਰੇ ਨਿਸ਼ਕਪਟ ਰਹਿਣ ਦੀ ਹਦਾਇਤ ਦਿੱਤੀ। ਜਿਹੜੇ ਆਪਣੇ ਪਾਪਾਂ ਤੋਂ ਇਨਕਾਰ ਕਰਦੇ ਹਨ ਉਹ ਆਪਣੇ ਆਪ ਨੂੰ

ਧੋਖਾ ਦੇ ਰਹੇ ਹਨ। ਇਸ ਦੇ ਉਲਟ, ਜਿਹੜੇ ਪਸ਼ਚਾਤਾਪ ਕਰਦੇ ਹਨ ਅਤੇ ਆਪਣੇ ਪਾਪਾਂ ਨੂੰ ਪਰਮੇਸ਼ੁਰ ਦੇ ਸਾਹਮਣੇ ਸਵੀਕਾਰ ਕਰਦੇ ਹਨ ਉਹ ਮਸੀਹ ਦੇ ਲਹੂ ਦੇ ਦੁਆਰਾ ਨਿਰੰਤਰ ਸ਼ੁੱਧ ਕੀਤੇ ਜਾਂਦੇ ਹਨ (1 ਯੂਹੰਨਾ 1:6-10)।

ਪਰਮੇਸ਼ੁਰ ਦੇ ਨੁਮਾਇੰਦੇ ਬਣਨਾ (42:7)। ਪਰਮੇਸ਼ੁਰ ਅੱਯੂਬ ਦੇ ਤਿੰਨ ਮਿੱਤਰਾਂ ਨਾਲ ਨਾਰਾਜ਼ ਸੀ ਕਿਉਂਕਿ ਉਨ੍ਹਾਂ ਨੇ ਉਸ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਸੀ। ਉਨ੍ਹਾਂ ਨੇ ਅੱਯੂਬ ਨੂੰ ਬਾਰ-ਬਾਰ ਕਿਹਾ ਸੀ ਕਿ ਪਰਮੇਸ਼ੁਰ ਉਸ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਰਿਹਾ ਸੀ ਜਦ ਕਿ ਅਜਿਹਾ ਨਹੀਂ ਸੀ। ਮਸੀਹੀ ਹੋਣ ਦੇ ਨਾਤੇ, ਸਾਨੂੰ ਸਹੀ ਢੰਗ ਨਾਲ ਪਰਮੇਸ਼ੁਰ ਅਤੇ ਉਸ ਦੇ ਪੁੱਤਰ, ਯਿਸੂ ਮਸੀਹ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ। ਜੇਕਰ ਅਸੀਂ ਪਰਮੇਸ਼ੁਰ ਦੇ ਲੋਕ ਹੋਣ ਦਾ ਦਾਅਵਾ ਕਰਦੇ ਹਾਂ ਪਰ ਪਵਿੱਤਰ ਜੀਵਨ ਨਹੀਂ ਜੀਉਂਦੇ ਹਾਂ, ਤਾਂ ਅਸੀਂ ਉਸ ਨੂੰ ਗਲਤ ਤਰੀਕੇ ਨਾਲ ਪੇਸ਼ ਕਰਦੇ ਹਾਂ। ਜੇਕਰ ਅਸੀਂ ਯਿਸੂ ਦੇ ਪਿੱਛੇ ਚੱਲਣ ਦਾ ਦਾਅਵਾ ਕਰਦੇ ਹਾਂ ਪਰ ਉਸ ਦੇ ਪਿਆਰ ਅਤੇ ਤਰਸ ਨੂੰ ਨਹੀਂ ਵਿਖਾਉਂਦੇ ਹਾਂ, ਤਾਂ ਅਸੀਂ ਉਸ ਨੂੰ ਗਲਤ ਢੰਗ ਨਾਲ ਪੇਸ਼ ਕਰਦੇ ਹਾਂ। ਮਸੀਹ ਦੇ ਲਈ ਦੂਜਿਆਂ ਨੂੰ ਜਿੱਤਣ ਦੇ ਲਈ ਪੌਲੁਸ ਦੀਆਂ ਕੋਸ਼ਿਸ਼ਾਂ ਵਿਚ, ਉਸ ਨੇ ਇਕ ਰਾਜਦੂਤ ਦੇ ਰੂਪਕ ਦੀ ਵਰਤੋਂ ਕੀਤੀ: "ਅਸੀਂ ਮਸੀਹ ਦੇ ਏਲਚੀ [ਰਾਜਦੂਤ] ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹਾਂ" (2 ਕੁਰਿੰਥੀਆਂ 5:20)। ਜਿਵੇਂ ਅਮਰੀਕਾ ਦਾ ਰਾਜਦੂਤ ਵਿਦੇਸ਼ ਵਿਚ ਇਸ ਦੇਸ਼ ਦੀ ਨੁਮਾਇੰਦਗੀ ਕਰਦਾ ਹੈ, ਉਸੇ ਤਰ੍ਹਾਂ ਸਾਨੂੰ ਦੁਨੀਆ ਵਿਚ ਮਸੀਹ ਦੀ ਨੁਮਾਇੰਦਗੀ ਕਰਨ ਲਈ ਬੁਲਾਇਆ ਗਿਆ ਹੈ।

ਪਰਮੇਸ਼ੁਰ ਦੇ ਸਾਹਮਣੇ ਬੇਨਤੀ ਕਰਨਾ (42:8, 9)। ਇਹ ਤੱਥ ਕਿ ਅੱਯੂਬ ਨੇ ਤਿੰਨ ਮਿੱਤਰਾਂ ਦੇ ਪ੍ਰਤੀ ਕੋਈ ਗਿਲਾ ਨਹੀਂ ਰੱਖਿਆ, ਉਸ ਦੇ ਚਰਿੱਤਰ ਬਾਰੇ ਬਹੁਤ ਕੁਝ ਕਹਿੰਦਾ ਹੈ। ਉਸ ਨੇ ਨਾ ਸਿਰਫ ਉਨ੍ਹਾਂ ਨੂੰ ਮਾਫ਼ ਕੀਤਾ, ਬਲਕਿ ਉਨ੍ਹਾਂ ਦੇ ਪਾਪਾਂ ਦੇ ਕਾਰਨ ਉਨ੍ਹਾਂ ਲਈ ਬੇਨਤੀ ਵੀ ਕੀਤੀ। ਉਨ੍ਹਾਂ ਨੇ ਪਰਮੇਸ਼ੁਰ ਨੂੰ ਸੱਤ ਬਲਦ ਅਤੇ ਸੱਤ ਛੱਤਰੇ ਚੜ੍ਹਾਏ ਅਤੇ ਅੱਯੂਬ ਨੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਮਨੁੱਖਾਂ ਦੀਆਂ ਹੋਰ ਉਦਾਹਰਣਾਂ ਜਿਨ੍ਹਾਂ ਵਿਚ ਮਾਫ਼ ਕਰਨ ਵਾਲੀ ਆਤਮਾ ਸੀ ਯੂਸੁਫ਼ ਅਤੇ ਇਸਤੀਫ਼ਾਨ ਸ਼ਾਮਲ ਹਨ। ਦੋਹਾਂ ਨੂੰ ਨਾਰਾਜ਼ ਹੋਣ ਦਾ ਹੱਕ ਸੀ। ਯੂਸੁਫ਼ ਦੇ ਭਰਾਵਾਂ ਨੇ ਉਸ ਨੂੰ ਇਕ ਗੁਲਾਮ ਵਜੋਂ ਵੇਚ ਦਿੱਤਾ ਸੀ ਅਤੇ ਇਸਤੀਫ਼ਾਨ ਦੇ ਆਪਣੇ ਲੋਕਾਂ ਨੇ ਉਸ ਨੂੰ ਪੱਥਰ ਮਾਰੇ ਸਨ - ਫਿਰ ਵੀ ਉਨ੍ਹਾਂ ਵਿੱਚੋਂ ਹਰ ਇਕ ਨੇ ਮਾਫ਼ੀ ਦਿੱਤੀ ਸੀ। ਯੂਸੁਫ਼ ਨੇ ਆਪਣੇ ਭਰਾਵਾਂ ਨੂੰ ਭਰੋਸਾ ਦਿਵਾਇਆ ਕਿ ਉਹ ਪਰਮੇਸ਼ੁਰ ਦੀ ਇੱਛਾ ਨਾਲ ਉਨ੍ਹਾਂ ਦੀਆਂ ਜਾਨਾਂ ਦੀ ਰੱਖਿਆ ਕਰਨ ਲਈ ਮਿਸਰ ਵਿਚ ਆਇਆ ਸੀ। ਉਸ ਨੇ ਇਹ ਸੁਨਿਸ਼ਚਿਤ ਕੀਤਾ ਕਿ ਉਨ੍ਹਾਂ ਕੋਲ ਭਰਪੂਰ ਭੋਜਨ ਅਤੇ ਇਕ ਚੰਗੀ ਜ਼ਮੀਨ ਹੋਵੇ ਜਿਸ ਵਿਚ ਉਹ ਰਹਿ ਸਕਣ ਅਤੇ ਆਪਣੇ ਇੱਜੜਾਂ ਨੂੰ ਪਾਲ ਸਕਣ (ਉਤਪਤ 45:4-11)। ਇਸਤੀਫ਼ਾਨ ਨੂੰ ਜਦੋਂ ਗੁੱਸੇ ਵਿਚ ਆਈ ਭੀੜ ਪੱਥਰ ਮਾਰ ਰਹੀ ਸੀ ਤਾਂ ਉਹ ਜ਼ਮੀਨ ਦੇ ਉੱਤੇ ਡਿੱਗ ਪਿਆ ਅਤੇ ਉੱਚੀ ਅਵਾਜ਼ ਨਾਲ ਬੋਲਿਆ, "ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜੁੰਮੇ ਨਾ ਲਾ!" (ਰਸੂਲਾਂ ਦੇ ਕਰਤੱਬ 7:60)। ਯਿਸੂ ਦੀ ਮਾਫ਼ੀ ਦੀ ਭਾਵਨਾ ਹਮੇਸ਼ਾ ਲਈ ਇਕ ਮਿਸਾਲ ਸੀ। ਜਦੋਂ ਉਹ ਸਲੀਬ ਦੇ ਉੱਤੇ ਟੰਗਿਆ ਹੋਇਆ ਸੀ, ਉਸ ਨੇ ਆਪਣੇ ਸਤਾਉਣ ਵਾਲਿਆਂ ਨੂੰ ਬੁਰਾ ਨਹੀਂ ਕਿਹਾ ਅਤੇ ਨਾ ਹੀ ਉਨ੍ਹਾਂ ਨੂੰ ਸਰਾਪ ਦਿੱਤਾ। ਇਸ ਦੀ ਬਜਾਇ, ਉਹ ਉੱਚੀ ਦੇ ਕੇ ਬੋਲਿਆ, "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ" (ਲੂਕਾ 23:34)। ਹਾਲਾਂਕਿ ਇਹ ਅਸਾਨ ਨਹੀਂ ਹੈ, ਪਰ ਸਾਨੂੰ ਵੀ ਆਪਣੇ ਦੁਸ਼ਮਣਾਂ ਨੂੰ ਮਾਫ਼ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ (ਮੱਤੀ 5:44)।

ਪਰਮੇਸ਼ੁਰ ਦੀ ਮਹਾਨ ਸ਼ਕਤੀ (42:2)

ਯਹੋਵਾਹ ਦੀ ਦੂਜੀ ਗੱਲਬਾਤ ਦੀ ਸਮਾਪਤੀ ਤੋਂ ਬਾਅਦ, ਅੱਯੂਬ ਨੇ ਨਿਮਰਤਾ ਨਾਲ ਇਹ ਮੰਨ ਲਿਆ ਕਿ “ਮੈਂ ਜਾਣਦਾ ਹਾਂ ਭਈ ਤੂੰ ਸਭ ਕੁਝ ਕਰ ਸੱਕਦਾ ਹੈਂ, ਅਤੇ ਤੇਰਾ ਕੋਈ ਪਰੋਜਨ ਰੁਕ ਨਹੀਂ ਸੱਕਦਾ” (42:2)। ਵਾਵਰੋਲੇ ਵਿਚ ਪਰਮੇਸ਼ੁਰ ਨਾਲ ਮੁਲਾਕਾਤ ਕਰਨ ਨਾਲ ਅੱਯੂਬ ਨੂੰ ਆਪਣੇ ਦੁੱਖਾਂ ਵਿੱਚੋਂ ਉਭਰਨ ਵਿਚ ਮਦਦ ਮਿਲੀ। ਉਸ ਨੇ ਯਹੋਵਾਹ ਦੀ ਬੁੱਧ ਤੇ ਭਰੋਸਾ ਕਰਨ ਦੇ ਲਈ ਆਪਣੇ ਆਪ ਨੂੰ ਤਿਆਗ ਦਿੱਤਾ। ਜਿਹੜਾ ਅਕਾਸ਼ ਅਤੇ ਧਰਤੀ ਦੀ ਦੇਖਰੇਖ ਕਰਦਾ ਹੈ ਉਹ ਨਿਸ਼ਚਤ ਤੌਰ ਤੇ ਜਾਣਦਾ ਸੀ ਕਿ ਉਸ ਲਈ ਸਭ ਤੋਂ ਵਧੀਆ ਕੀ ਸੀ।

ਪਰਮੇਸ਼ੁਰ ਦੀ ਮਹਾਨ ਸ਼ਕਤੀ ਬਾਰੇ ਅੱਯੂਬ ਦਾ ਕਥਨ ਪੂਰੀ ਬਾਈਬਲ ਵਿਚ ਗੂੰਜਦਾ ਹੈ। ਅਬਰਾਹਾਮ ਅਤੇ ਸਾਰਾਹ ਦੇ ਬੱਚੇ ਹੋਣ ਦੀ ਉਮਰ ਬੀਤ ਚੁੱਕੀ ਸੀ, ਫਿਰ ਵੀ ਪਰਮੇਸ਼ੁਰ ਨੇ ਬਜ਼ੁਰਗ ਜੋੜੇ ਨੂੰ ਇਕ ਪੁੱਤਰ ਦੇਣ ਦਾ ਵਾਅਦਾ ਕੀਤਾ। ਜਦੋਂ ਸਾਰਾਹ ਇਸ ਤਰ੍ਹਾਂ ਦੇ ਸੁਝਾਅ ਤੇ ਹੱਸੀ, ਤਾਂ ਯਹੋਵਾਹ ਨੇ ਪੁੱਛਿਆ, “ਭਲਾ, ਕੋਈ ਗੱਲ ਯਹੋਵਾਹ ਲਈ ਔਖੀ ਹੈ?” (ਉਤਪਤ 18:14)। ਇਕ ਸਾਲ ਬਾਅਦ, ਸਾਰਾਹ ਨੇ ਇਸਹਾਕ (“ਹਾਸਾ”) ਨਾਮ ਦੇ ਇਕ ਬੱਚੇ ਨੂੰ ਕੁੱਛੜ ਚੁੱਕਿਆ ਹੋਇਆ ਸੀ।

ਮਿਸਰ ਤੋਂ ਇਸਰਾਏਲੀਆਂ ਦੇ ਚਲੇ ਜਾਣ ਤੋਂ ਬਾਅਦ, ਲੋਕਾਂ ਨੇ ਸ਼ਿਕਾਇਤ ਕੀਤੀ ਕਿਉਂਕਿ ਉਨ੍ਹਾਂ ਨੂੰ ਸਿਰਫ ਮੰਨਾ ਹੀ ਖਾਣ ਨੂੰ ਮਿਲਦਾ ਸੀ - ਭਾਵੇਂ ਇਹ ਸੁਰਗ ਤੋਂ ਉੱਤਰੀ ਚਮਤਕਾਰੀ ਰੋਟੀ ਸੀ! ਉਹ ਮਿਸਰ ਲਈ ਤਰਸਣ ਲੱਗੇ ਅਤੇ ਉਨ੍ਹਾਂ ਸਬਜੀਆਂ ਅਤੇ ਮੱਛੀਆਂ ਦੇ ਬਾਰੇ ਯਾਦ ਕਰਨ ਲੱਗੇ ਜੋ ਉਨ੍ਹਾਂ ਨੇ ਉੱਥੇ ਖਾਧੀਆਂ ਸਨ। ਕਿੰਨੀ ਛੇਤੀ ਪਰਮੇਸ਼ੁਰ ਦੇ ਲੋਕ ਗੁਲਾਮੀ ਦੀ ਧਰਤੀ ਵਿਚ ਆਪਣੀ ਸਖ਼ਤ ਮਿਹਨਤ ਅਤੇ ਜ਼ੁਲਮ ਨੂੰ ਭੁੱਲ ਗਏ! ਉਨ੍ਹਾਂ ਦੀ ਸ਼ਿਕਾਇਤ ਦੇ ਨਤੀਜੇ ਵਜੋਂ, ਪਰਮੇਸ਼ੁਰ ਨੇ ਮੂਸਾ ਨਾਲ ਵਾਅਦਾ ਕੀਤਾ ਕਿ ਉਹ ਪੂਰੇ ਇਕ ਮਹੀਨੇ ਤੱਕ ਮਾਸ ਖਾਣਗੇ। ਮੂਸਾ ਇਸ ਤਰ੍ਹਾਂ ਦੇ ਸੁਝਾਅ ਤੇ ਹੈਰਾਨ ਸੀ, ਕਿਉਂਕਿ ਉੱਥੇ 600,000 ਤੋਂ ਵੱਧ ਲੜਾਕੂ ਆਦਮੀ ਸਨ, ਨਾਲ ਹੀ ਸਾਰੀਆਂ ਔਰਤਾਂ ਅਤੇ ਬੱਚੇ ਸਨ। ਪਰਮੇਸ਼ੁਰ ਨੇ ਉੱਤਰ ਦਿੱਤਾ, “ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ?” (ਗਿਣਤੀ 11:23)। ਉਸ ਨੇ ਉਨ੍ਹਾਂ ਦੇ ਖਾਣ ਲਈ ਇੰਨੇ ਬਟੇਰੇ ਘੱਲੇ ਕਿ ਉਹ ਲਾਖਣਿਕ ਰੂਪ ਵਿਚ ਉਨ੍ਹਾਂ ਦੀਆਂ ਨਾਸਾਂ ਵਿੱਚੋਂ ਦੀ ਨਿੱਕਲ ਰਹੇ ਸਨ।

ਜਦੋਂ ਜ਼ਿਬਰਾਏਲ ਦੂਤ ਮਰੀਅਮ ਕੋਲ ਆਇਆ, ਜਿਸ ਦੀ ਨਾਸਰਤ ਦੇ ਯੂਸੁਫ਼ ਨਾਲ ਮੰਗਣੀ ਹੋਈ ਹੋਈ ਸੀ, ਤਾਂ ਉਸ ਨੇ ਕਿਹਾ ਕਿ ਉਹ ਗਰਭਵਤੀ ਹੋਵੇਗੀ ਅਤੇ ਇਕ ਪੁੱਤਰ ਨੂੰ ਜਨਮ ਦੇਵੇਗੀ। ਇਹ ਪੁੱਤਰ ਸੱਚਮੁੱਚ ਅੱਤ ਮਹਾਨ ਦਾ ਪੁੱਤਰ, ਅਰਥਾਤ, ਪਰਮੇਸ਼ੁਰ ਦਾ ਪੁੱਤਰ ਕਹਾਵੇਗਾ! ਉਹ ਦਾ ਦਾਊਦ ਦੇ ਤਖ਼ਤ ਤੇ ਵੀ ਸਦਾ ਦਾ ਰਾਜ ਹੋਵੇਗਾ। ਮਰੀਅਮ ਕੁਆਰੀ ਸੀ, ਇਸ ਕਰਕੇ ਉਸ ਨੇ ਸੁਭਾਵਕ ਤੌਰ ਤੇ ਦੂਤ ਨੂੰ ਪੁੱਛਿਆ ਕਿ ਇਹ ਕਿਵੇਂ ਹੋ ਸਕਦਾ ਹੈ। ਇਹ ਦੱਸਣ ਤੋਂ ਬਾਅਦ ਕਿ ਪਵਿੱਤਰ ਆਤਮਾ ਚਮਤਕਾਰੀ ਢੰਗ ਨਾਲ ਉਸ ਉੱਤੇ ਛਾਇਆ ਕਰੇਗਾ, ਦੂਤ ਨੇ ਆਪਣੀਆਂ ਟਿੱਪਣੀਆਂ ਨੂੰ ਇਹ ਕਹਿੰਦੇ ਹੋਏ ਖਤਮ ਕੀਤਾ, “ਪਰਮੇਸ਼ੁਰ ਦੇ ਲਈ ਕੋਈ ਵੀ ਗੱਲ ਅਣਹੋਣੀ ਨਹੀਂ ਹੈ” (ਲੂਕਾ 1:37)। ਮਰੀਅਮ ਨੇ ਪਰਮੇਸ਼ੁਰ ਦੇ ਦੂਤ ਦੀ ਗੱਲ ਤੇ ਵਿਸ਼ਵਾਸ ਕੀਤਾ ਅਤੇ ਆਖ਼ਰਕਾਰ ਜਗਤ ਦੇ ਮੁਕਤੀਦਾਤਾ ਯਿਸੂ ਨੂੰ ਜਨਮ ਦਿੱਤਾ।

ਪਰਮੇਸ਼ੁਰ ਦੀ ਅਸੀਮਿਤ ਸ਼ਕਤੀ ਦੇ ਹਵਾਲੇ ਕਈ ਹਨ। ਅਫ਼ਸੀਆਂ 3:20, 21 ਵਿਚ ਪੌਲੁਸ ਦੀ ਪੱਤਰੀ ਦੇ ਅੰਤ ਵਿਚ ਪਰਮੇਸ਼ੁਰ ਦੀ ਵਡਿਆਈ ਇਸ ਵਿਚਾਰ ਨੂੰ ਸ਼ਾਇਦ ਸਭ ਤੋਂ ਵਧੀਆ ਢੰਗ ਨਾਲ ਪੇਸ਼ ਕਰਦੀ ਹੈ: “ਹੁਣ ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ

ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ ਕਲੀਸਿਯਾ ਵਿੱਚ ਅਤੇ ਮਸੀਹ ਯਿਸੂ ਵਿੱਚ ਸਾਰੀਆਂ ਪੀੜ੍ਹੀਆਂ ਤੀਕੁਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ।" ਪਰਮੇਸ਼ੁਰ ਅੱਜ ਵੀ ਸਰਬ ਸ਼ਕਤੀਮਾਨ ਹੈ, ਜੋ ਕਿ ਆਪਣੀ ਸਿੱਧ ਇੱਛਾ ਨੂੰ ਪੂਰਾ ਕਰਨ ਦੇ ਲਈ ਕਮਜ਼ੋਰ ਅਤੇ ਅਪੂਰਨ ਲੋਕਾਂ ਵਿਚ ਅਤੇ ਉਨ੍ਹਾਂ ਦੇ ਰਾਹੀਂ ਕੰਮ ਕਰ ਰਿਹਾ ਹੈ।

"ਬਾਅਦ ਵਿਚ ਖੁਸ਼ੀ ਖੁਸ਼ੀ" (42:10-17)

ਸਾਡੇ ਵਿੱਚੋਂ ਜ਼ਿਆਦਾਤਰ ਲੋਕ ਉਨ੍ਹਾਂ ਕਹਾਣੀਆਂ ਦਾ ਅਨੰਦ ਮਾਣਦੇ ਹਨ ਜਿਨ੍ਹਾਂ ਦਾ ਅੰਤ ਖੁਸ਼ੀਆਂ ਭਰਿਆ ਹੁੰਦਾ ਹੈ। ਸਿੰਡਰੇਲਾ ਕਈ ਲੋਕਾਂ ਦੀ ਮਨਪਸੰਦ ਰਹੀ ਹੈ ਕਿਉਂਕਿ ਅੰਤ ਵਿਚ ਦੁਰਵਿਹਾਰ ਕਰਨ ਵਾਲੀ ਮਤਰੇਈ ਧੀ ਆਪਣੇ ਰਾਜਕੁਮਾਰ ਨੂੰ ਲੱਭਦੀ ਹੈ ਅਤੇ ਧਨ ਦੇ ਲਈ ਚਿੱਥੜਿਆਂ ਦਾ ਵਟਾਂਦਰਾ ਕਰਦੀ ਹੈ, "ਅਤੇ ਉਸ ਤੋਂ ਬਾਅਦ ਉਹ ਹਮੇਸ਼ਾ ਖੁਸ਼ੀ ਖੁਸ਼ੀ ਰਹਿੰਦੇ ਹਨ।" ਸ਼ਾਇਦ ਅਸੀਂ ਇਸ ਤਰ੍ਹਾਂ ਦੀ ਕਹਾਣੀ ਨੂੰ ਪਸੰਦ ਕਰਦੇ ਹਾਂ ਕਿਉਂਕਿ ਇਹ ਸਾਨੂੰ ਸਾਡੇ ਭਵਿੱਖ ਦੇ ਲਈ ਆਸ ਦਿੰਦੀ ਹੈ। ਅਸੀਂ ਕਈ ਵਾਰ ਕਹਿੰਦੇ ਹਾਂ, "ਅੰਤ ਭਲਾ ਤਾਂ ਸਭ ਭਲਾ।"

ਬਹੁਤ ਸਾਰੇ ਲੋਕ ਅੱਯੂਬ ਦੀ ਪੁਸਤਕ ਦੀ ਸ਼ੁਰੂਆਤ ਅਤੇ ਅੰਤ ਤੋਂ ਜਾਣੂ ਹਨ; ਪਰ ਵਿਚ ਆਉਣ ਵਾਲੀਆਂ ਗੱਲਾਂ ਬਾਤਾਂ ਤੇ, ਜੋ ਨਿਰਾਸ਼ਾ ਅਤੇ ਆਸ ਵਿਚਕਾਰ ਵਾਰੀ-ਵਾਰੀ ਆਉਂਦੀਆਂ ਹਨ, ਘੱਟ ਧਿਆਨ ਦਿੱਤਾ ਜਾਂਦਾ ਹੈ। ਅਸੀਂ ਸ਼ੁਰੂਆਤ ਤੇ ਇਸ ਲਈ ਜ਼ੋਰ ਦਿੰਦੇ ਹਾਂ ਕਿਉਂਕਿ ਇਹ ਅੱਯੂਬ ਦੇ ਦੁੱਖਾਂ ਦੇ ਟਕਰਾਅ ਨੂੰ ਸਥਾਪਤ ਕਰਦੀ ਹੈ। ਅਸੀਂ ਅੰਤ ਦੇ ਇਸ ਲਈ ਜ਼ੋਰ ਦਿੰਦੇ ਹਾਂ ਕਿਉਂਕਿ ਉਸ ਦੇ ਲਈ ਸਭ ਕੁਝ ਵਧੀਆ ਰਿਹਾ। ਅੱਯੂਬ ਨੇ ਯਹੋਵਾਹ ਤੇ ਭਰੋਸਾ ਕਰਨਾ ਸਿੱਖਿਆ। ਉਸ ਨੇ ਜ਼ਲਦਬਾਜ਼ੀ ਵਿਚ ਕਹੇ ਗਏ ਆਪਣੇ ਸ਼ਬਦਾਂ ਤੋਂ ਪਸ਼ਚਾਤਾਪ ਕੀਤਾ ਅਤੇ ਆਪਣੇ ਮਿੱਤਰਾਂ ਦੇ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਪਰਮੇਸ਼ੁਰ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਸੀ (42:1-9)। ਉਸ ਤੋਂ ਬਾਅਦ, ਪਰਮੇਸ਼ੁਰ ਨੇ ਅੱਯੂਬ ਦੀ ਨਸੀਬਾਂ ਨੂੰ ਮੁੜ ਬਹਾਲ ਕੀਤਾ। ਉਸ ਦਾ ਪਰਿਵਾਰ ਅਤੇ ਮਿੱਤਰ ਇਕ ਵਾਰ ਫੇਰ ਉਸ ਦੇ ਨਾਲ ਸੰਗਤੀ ਕਰਨ ਦੇ ਲਈ ਆਏ। ਪਰਮੇਸ਼ੁਰ ਨੇ ਉਸ ਦੀ ਸੰਪਤੀ ਨੂੰ ਦੁਗਣਾ ਕਰ ਦਿੱਤਾ; ਉਹ ਨੇ ਉਸ ਨੂੰ 14,000 ਇੱਜੜ, 6,000 ਊਠ, 1,000 ਜੋੜੀ ਬਲਦ ਅਤੇ 1,000 ਗਧੀਆਂ ਦਿੱਤੀਆਂ। ਇਕ ਵਾਰ ਫੇਰ ਉਸ ਨੇ ਅੱਯੂਬ ਨੂੰ ਦਸ ਬੱਚੇ ਦਿੱਤੇ, ਜਿਨ੍ਹਾਂ ਵਿੱਚ ਸੱਤ ਪੁੱਤਰ ਅਤੇ ਤਿੰਨ ਸੁੰਦਰ ਧੀਆਂ ਸਨ। ਅੱਯੂਬ ਦੀ ਸਿਹਤ ਬਹਾਲ ਹੋ ਗਈ ਅਤੇ ਉਹ ਇਕ ਲੰਬੀ, ਸਿਹਤਮੰਦ ਜ਼ਿੰਦਗੀ ਜੀਉਂਦਾ ਰਿਹਾ (42:10-17)।

ਅਸਲੀਅਤ ਇਹ ਹੈ ਕਿ ਅਸੀਂ ਸ਼ਾਇਦ ਇਸ ਜ਼ਿੰਦਗੀ ਵਿਚ "ਉਸ ਤੋਂ ਬਾਅਦ ਹਮੇਸ਼ਾ ਲਈ ਖੁਸ਼ੀ ਖੁਸ਼ੀ" ਦਾ ਅਨੁਭਵ ਨਾ ਕਰ ਸਕੀਏ। ਪਰਮੇਸ਼ੁਰ ਨੇ ਕਦੇ ਸਾਡੇ ਨਾਲ ਇਹ ਵਾਅਦਾ ਨਹੀਂ ਕੀਤਾ ਕਿ ਇਹ ਜ਼ਿੰਦਗੀ ਫੁੱਲਾਂ ਦੀ ਸੇਜ ਹੋਵੇਗੀ। ਦਰਅਸਲ, ਯਿਸੂ ਨੇ ਕਿਹਾ ਸੀ ਕਿ ਸਾਨੂੰ ਇਸ ਜ਼ਿੰਦਗੀ ਵਿਚ ਕਸ਼ਟ ਹੋਵੇਗਾ। ਹਾਲਾਂਕਿ, ਉਸ ਨੇ ਅੱਗੇ ਇਹ ਕਿਹਾ ਕਿ ਮੈਂ ਜਗਤ ਨੂੰ ਜਿੱਤ ਲਿਆ ਹੈ (ਯੂਹੰਨਾ 16:33)। ਯਿਸੂ ਨੇ ਖੁਦ ਇਸ ਜ਼ਿੰਦਗੀ ਵਿਚ ਕਸ਼ਟ ਝੱਲਿਆ ਸੀ। ਉਸ ਨੂੰ ਉਸ ਦੇ ਆਪਣੇ ਪਰਿਵਾਰਕ ਮੈਂਬਰਾਂ (ਕੁਝ ਸਮੇਂ ਲਈ) ਅਤੇ ਨਾਲ ਹੀ ਉਸ ਦੇ ਆਪਣੇ ਨਗਰ ਨਾਸਰਤ ਨੇ ਠੁਕਰਾ ਦਿੱਤਾ ਸੀ। ਚੇਲੇਪਣ ਦੀਆਂ ਮੰਗਾਂ ਬਹੁਤ ਤੀਬਰ ਹੋ ਜਾਣ ਤੇ ਬਹੁਤ ਸਾਰੇ ਲੋਕ ਪਿੱਛੇ ਹਟ ਗਏ ਸਨ। ਅਖ਼ੀਰ ਵਿਚ, ਯਹੂਦੀ ਆਗੂਆਂ ਨੇ ਉਸ ਦੀ ਮੌਤ ਦੀ ਮੰਗ ਕੀਤੀ ਅਤੇ ਉਸ ਨੂੰ ਸਲੀਬ ਤੇ ਟੰਗ ਦਿੱਤਾ ਗਿਆ - ਇਕ ਬੇਰਹਿਮੀ ਵਾਲੀ ਸਜ਼ਾ ਜੋ ਆਮ ਤੌਰ ਤੇ ਗੁਲਾਮਾਂ ਅਤੇ ਅਪਰਾਧੀਆਂ ਦੇ ਲਈ ਰੱਖੀ ਗਈ ਸੀ। ਫਿਰ ਵੀ, ਪਰਮੇਸ਼ੁਰ ਨੇ ਉਸ ਨੂੰ ਮਰੇ ਹੋਇਆ ਵਿੱਚੋਂ ਜਿਵਾਲਿਆ! ਭਾਵੇਂ ਇਹ ਜੀਵਨ ਮੁਸ਼ਕਲ ਸਾਬਤ ਹੋ ਸਕਦਾ ਹੈ,

ਯਿਸੂ ਦੇ ਜੀ ਉੱਠਣ ਦੁਆਰਾ ਸਾਡੇ ਕੋਲ ਉਸ ਦੇ ਨਾਲ ਸੁਰਗ ਵਿਚ “ਖੁਸ਼ੀ ਖੁਸ਼ੀ ਰਹਿਣ” ਦੀ ਆਸ ਹੈ। ਪੌਲੁਸ ਨੇ, ਜਿਹੜਾ ਦੁੱਖਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ, ਇਹ ਹੱਲਾਸ਼ੇਰੀ ਦਿੱਤੀ:

> ਇਸ ਕਾਰਨ ਅਸੀਂ ਹੌਸਲਾ ਨਹੀਂ ਹਾਰਦੇ ਸਗੋਂ ਭਾਵੇਂ ਸਾਡੀ ਬਾਹਰਲੀ ਇਨਸਾਨੀਅਤ ਨਾਸ ਹੁੰਦੀ ਜਾਂਦੀ ਹੈ ਪਰ ਅੰਦਰਲੀ ਇਨਸਾਨੀਅਤ ਦਿਨੋਂ ਦਿਨ ਨਵੀਂ ਹੁੰਦੀ ਜਾਂਦੀ ਹੈ। ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ। ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ (2 ਕੁਰਿੰਥੀਆਂ 4:16-18; NIV)।

ਡੀ. ਸਟੀਵਰਟ

ਸਲੀਬ ਦੇ ਇਸ ਪਾਸੇ

ਸਲੀਬ ਦੇ ਇਸ ਪਾਸੇ ਰਹਿੰਦੇ ਹੋਏ, ਸਾਡੇ ਕੋਲ ਇਕ ਦ੍ਰਿਸ਼ਟੀਕੋਣ ਅਤੇ ਸੁਵਿਧਾਜਨਕ ਬਿੰਦੂ ਹੈ ਜੋ ਅੱਯੂਬ ਅਤੇ ਉਸ ਦੇ ਮਿੱਤਰਾਂ ਨੂੰ ਪ੍ਰਦਾਨ ਨਹੀਂ ਕੀਤਾ ਗਿਆ। ਮਸੀਹ ਦੇ ਦੁੱਖ ਸਾਡੇ ਲਈ ਇਹ ਪ੍ਰਦਾਨ ਕਰਦੇ ਹਨ। ਸਾਨੂੰ ਪੂਰਾ ਭਰੋਸਾ ਹੋ ਸਕਦਾ ਹੈ ਕਿ ਸਾਡਾ ਮੁਕਤੀਦਾਤਾ ਜੀਉਂਦਾ ਹੈ ਅਤੇ ਜੀਵਨ ਦੇ ਉਤਰਾਅ ਚੜ੍ਹਾਅ ਦੇ ਬਾਵਜੂਦ, ਮਸੀਹ ਦੇ ਵਸੀਲੇ ਨਾਲ ਪਰਮੇਸ਼ੁਰ ਦੇ ਨਾਲ ਸੰਗਤੀ ਸੰਭਵ ਹੈ।

ਅੱਯੂਬ ਵਾਂਗ, ਸ਼ਾਇਦ ਅਸੀਂ ਸਮਝ ਨਾ ਸਕੀਏ ਕਿ ਬਿਪਤਾਵਾਂ ਜ਼ਿੰਦਗੀ ਵਿਚ ਕਿਉਂ ਆਉਂਦੀਆਂ ਹਨ। ਇਕ ਜਵਾਨ ਮਾਂ ਨੂੰ ਕੈਂਸਰ ਕਿਉਂ ਹੁੰਦਾ ਹੈ? ਇਕ ਪਿਤਾ ਨੂੰ ਦਿਲ ਦਾ ਦੌਰਾ ਕਿਉਂ ਪੈਂਦਾ ਹੈ? ਇਕ ਬੇਤੁਕੇ ਹਾਦਸੇ ਵਿਚ ਅਨਮੋਲ ਬੱਚੇ ਦੀ ਮੌਤ ਕਿਉਂ ਹੋ ਜਾਂਦੀ ਹੈ? ਤ੍ਰਾਸਦੀਆਂ ਵਿਚ ਵੀ, ਮਸੀਹ ਲੋਕਾਂ ਨੂੰ ਪਰਮੇਸ਼ੁਰ ਦੇ ਪਿਆਰ ਅਤੇ ਚਿੰਤਾ ਦੁਆਰਾ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ: “ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆ ਕਰੇ ਅਤੇ ਆਪਣੀ ਸਾਰੀ ਚਿੰਤਾ ਓਸ ਉੱਤੇ ਸੁਟ ਛੱਡੋ ਕਿਉਂ ਜੋ ਉਹ ਨੂੰ ਤੁਹਾਡਾ ਫ਼ਿਕਰ ਹੈ” (1 ਪਤਰਸ 5:6, 7)।

ਡੀ. ਸ਼ੈਕਲਫੋਰਡ

ਟਿੱਪਣੀਆਂ

[1]ਸੈਮੂਏਲ ਟੈਰੀਏਨ, “ਦ ਯਾਹਵੇਹ ਸਪੀਚਸ ਐਂਡ *ਅੱਯੂਬ*'ਸ ਰਿਸਪਾਂਸਸ,” *ਰਿਵਿਊ ਐਂਡ ਇਕਸਪੋਜੀਟਰ* 68 (1971), 505. [2]ਈਬਰਹਾਰਡ ਬਾਉਮਨ, “עוד ਓਡੀ ਸੀਨ ਡੈਰੀਵੇਟ,” *ਜ਼ੀਟਸਚਰਿਫਟ ਫਾਰ ਡਾਈ ਅਲਟੈਸਟਾਮੈਨਟਲਿਚੇ ਵਿਸੇਨਸਚਾਫਟ* 28 (1909), 30. ਪੰਜਾਬੀ ਅਨੁਵਾਦ ਮੇਰਾ ਹੈ। [3]ਮੋਜਜ ਮਾਇਮੋਨਾਈਡਜ, *ਦ ਗਾਈਡ ਫਾਰ ਦ ਪਰਪਲੈਕਸਡ*, ਦੂਜਾ ਸੰਪਾਦਨ, ਅਨੁਵਾਦ ਐਮ. ਫਰਾਈਲੈਂਡਰ (ਲੰਡਨ: ਰਾਊਟਲੀ ਐਂਡ ਕੀਗਨ ਪੌਲ, 1904), 297-98. [4]ਉਸੇ ਸਥਾਨ ਤੇ। [5]ਉਸੇ ਸਥਾਨ ਤੇ, 300. [6]“ਜਾਣਦਾ” ਅਤੇ “ਬੁੱਧ” ਅੱਯੂਬ ਅਤੇ ਤਿੰਨ ਮਿੱਤਰਾਂ ਦੀਆਂ ਸਾਰੀਆਂ ਗੱਲਾਂਬਾਤਾਂ (5:27; 8:8, 9; 9:2; 10:2; 11:6, 8; 12:3; 13:2, 18, 23; 15:9; 19:6, 25; 20:4; 21:27; 23:3; 24:1; 30:23), ਅਲੀਹੂ ਦੀਆਂ ਸਾਰੀਆਂ ਗੱਲਾਂਬਾਤਾਂ (32:6, 10, 17; 34:33; 36:3, 4; 37:7) ਅਤੇ ਯਹੋਵਾਹ ਦੀਆਂ ਸਾਰੀਆਂ ਗੱਲਾਂਬਾਤਾਂ (38:4, 18, 21, 33; 39:1, 2) ਵਿਚ ਹਨ। [7]ਏ. ਐਸ. ਪੀਕ, *ਅੱਯੂਬ: ਇੰਟਰੋਡਕਸ਼ਨ, ਰਿਵਾਈਜਡ ਵਰਜਨ ਵਿਦ ਨੋਟਸ ਐਂਡ ਇੰਡੈਕਸ*, ਦ ਸੈਂਚੁਰੀ ਬਾਈਬਲ (ਐਡਿਨਬਰਗ: ਟੀ. ਸੀ. ਐਂਡ ਈ. ਸੀ. ਜੈਕ, 1904), 343. [8]ਸੈਮੂਏਲ ਟੈਰੀਏਨ “ਦ ਬੁਕ ਆਫ਼ *ਅੱਯੂਬ*: ਇੰਟਰੋਡਕਸ਼ਨ ਐਂਡ ਐਸਜੀਸਿਸ,” *ਦਿ ਇੰਟਰਪਰੇਟਰਸ ਬਾਈਬਲ*, ਸੋਧ ਜੌਰਜ ਆਰਥਰ ਬੱਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1954), 3:1192-93. [9]ਫ੍ਰਾਂਸਿਸ ਬਰਾਊਨ, ਐਸ. ਐਸ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰਿਊ ਐਂਡ ਇੰਗਲਿਸ਼*

ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ (ਔਕਸਫੋਰਡ: ਕਲੈਰਨਡਨ ਪ੍ਰੈਸ, 1968), 549. [10]ਉਸੇ ਸਥਾਨ ਤੇ, 637.

[11]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 342. [12]ਵਿਲੀਅਮ ਡੀ. ਰੀਬਰਨ *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ, 1992), 772. [13]ਰਾਉਲੀ, 344. [14]ਉਸੇ ਸਥਨ ਤੇ, 343. [15]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 541. [16]ਰਾਉਲੀ, 345.